# 1 ਤਿਮੋਥਿਉਸ ਜਾਣ ਪਛਾਣ

ਵਿਲੀਅਮ ਡੀ. ਪੋਏ ਨੇ ਲਿਖਿਆ ਹੈ, ''ਨੌਜਵਾਨਾਂ ਨੂੰ ਸੱਭਿਅ ਬਣਾਉਣ ਵਾਲੀ ਸਭ ਤੋਂ ਅਹਿਮ ਚੀਜ਼ ਚੰਗੇ ਬਜ਼ੁਰਗ ਲੋਕ ਹਨ।''[1] ਇਸੇ ਤਰ੍ਹਾਂ, ਨੌਜਵਾਨ ਇਵੈਂਜਲਿਸਟਾਂ ਨੂੰ ਰੂਹਾਨੀ ਅਤੇ ਮਜ਼ਬੂਤ ਬਣਾਉਣ ਲਈ ਸੱਚਾਈ ਦੀ ਤਾਕਤ ਲਈ ਸਭ ਤੋਂ ਵਧੀਆ ਦਵਾਈ ਇਕ ਬਜ਼ੁਰਗ ਰਸੂਲ ਦਾ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤਾ ਸੰਦੇਸ਼ ਹੈ! ਤਿਮੋਥਿਉਸ ਨੇ ਪੌਲੁਸ ਦੀ ਪਹਿਲੀ ਚਿੱਠੀ ਨੂੰ ਜ਼ਰੂਰ ਕਈ ਵਾਰ ਪੜ੍ਹਿਆ ਹੋਵੇਗਾ। ਉਸ ਦਾ ਜਿਸ ਨੂੰ ਇਸ ਚਿੱਠੀ ਵਿਚ ''ਧੰਨ ਅਤੇ ਅਦੁਤੀ ਸਰਬ ਸ਼ਕਤੀਮਾਨ ਹੈ, ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ'' (6:15) ਦੇ ਤੌਰ ਤੇ ਵਰਣਨ ਕੀਤਾ ਗਿਆ ਹੈ, ਸਹੀ ਨੁਮਾਇੰਦਗੀ ਉਹੀ ਇਵੈਂਜਲਿਸਟ ਕਰੇਗਾ ਜੋ ਤਿਮੋਥਿਉਸ ਵਾਂਗ ਸਮਝਦਾਰੀ ਨਾਲ ਕੰਮ ਕਰਦਾ ਹੈ। ਧਰਤੀ ਤੇ ਰਹਿਣ ਵਾਲੇ ਇਵੈਂਜਲਿਸਟਾਂ ਦੇ ਨਾਂਅ, ਜਿਨ੍ਹਾਂ ਨੂੰ ਸੁਰਗ ਜਾਂ ਨਰਕ ਵਿਚ ਹਮੇਸ਼ਾ ਦਾ ਸਨਾਤਨਕਾਲ ਦਾ ਸਮਾਂ ਕੱਟਣ ਵਾਲੇ ਲੋਕਾਂ ਨਾਲ ਧਰਤੀ ਤੇ ਰਹਿਣਾ ਹੈ, ਇਹ ਇਕ ਸੁਰਗੀ ਸੰਦੇਸ਼ ਹੈ। ਉਹਦੇ ਕੰਮ ਦਾ ਸੁਭਾਵ ਅਤੇ ਭਵਿੱਖ ਦਾ ਮੌਕਾ ਉਸ ਨੂੰ ਅਧਿਐਨ ਅਤੇ ਸੇਵਾ ਕਰਨ ਵਿਚ ਉਦਾਸੀਨ ਹੋਣ ਦੀ ਇਜਾਜ਼ਤ ਨਹੀਂ ਦਿੰਦਾ। ਹਰ ਇਵੈਂਜਲਿਸਟ ਨੂੰ ਜ਼ਬੂਰ ਲਿਖਣ ਵਾਲੇ ਨਾਲ ਇਹ ਕਹਿਣਾ ਜ਼ਰੂਰੀ ਹੈ, ''ਤੇਰੇ ਮੂੰਹ ਦੀ ਵਿਵਸਥਾ ਮੇਰੇ ਲਈ ਸੋਨੇ ਤੇ ਚਾਂਦੀ ਦੇ ਹਜ਼ਾਰਾਂ ਸਿੱਕਿਆਂ ਤੋਂ ਚੰਗੀ ਹੈ'' (ਜ਼ਬੂਰ 119:72)।

## ਮਕਸਦ

ਤਿਮੋਥਿਉਸ ਦੇ ਨਾਂ ਪੌਲੁਸ ਦੀ ਪਹਿਲੀ ਪੱਤਰੀ ਦਾ ਮੁੱਖ ਉਦੇਸ਼ ਜਵਾਨ ਇਵੈਂਜਲਿਸਟ ਨੂੰ ''ਨਿਹਚਾ ਦੀਆਂ ਗੱਲਾਂ ਨਾਲ ਪਲ'' ਖ਼ਰੀ ਸਿੱਖਿਆ ਵਿਚ ਬਣੇ ਰਹਿਣ ਲਈ ਮਦਦ ਕਰਨਾ ਸੀ (4:6; ਵੇਖੋ ਯਹੂਦਾ 3)। ਪੌਲੁਸ ਨੇ ਉਸ ਨੂੰ ਕਈਆਂ ਨੂੰ ''ਹੋਰ ਤਰਾਂ ਦੀ ਸਿੱਖਿਆ ਨਾ ਦੇਣ। ਅਰ ਕਹਾਣੀਆਂ ਅਤੇ ਬੇਓੜਕ ਕੁਲਪੱਤਰੀਆਂ ਉੱਤੇ ਚਿੱਤ ਨਾ ਲਾਉਣ'' ਦੇਣ ਦਾ ਹੁਕਮ ਦਿੱਤਾ (1:3, 4)। ਉਸ ਨੂੰ ''ਗੰਦੀਆਂ ਅਤੇ ਬੁੱਢੀਆਂ ਵਾਲੀਆਂ ਕਹਾਣੀਆਂ ਵੱਲੋਂ ਮੂੰਹ ਮੋੜਨ'' (4:7) ਅਤੇ ਕਿਸੇ ਵੀ ਅਜਿਹੇ ਬੰਦੇ ਦਾ ਮੁਕਾਬਲਾ ਕਰਨ ਲਈ ਕਿਹਾ ਗਿਆ ਜੋ ''ਉਸ ਸਿੱਖਿਆ ਨੂੰ ਨਹੀਂ ਮੰਨਦਾ'' (6:3)।

ਇਹ ਪੱਤਰੀ ਸਿਰਫ਼ ਗੱਲਬਾਤ ਕਰਨ ਲਈ ਹੀ ਨਹੀਂ ਬਲਕਿ ਚਾਲ ਚੱਲਣ ਨਾਲ ਵੀ ਸਬੰਧਿਤ ਹੈ। ਇਹ ਪੱਤਰੀ ਇਕ ਇਵੈਂਜਲਿਸਟ ਨੂੰ ਗਵਾਹੀ ਦੇਣ ਲਈ ਲਿਖੀ ਗਈ ਹੈ ਕਿ ''ਪਰਮੇਸ਼ੁਰ ਦੇ ਘਰ ਵਿਚ ਜਿਹੜਾ ਜੀਉਂਦੇ ਪਰਮੇਸ਼ੁਰ ਦੀ ਕਲੀਸੀਆ ਅਤੇ ਸਚਿਆਈ ਦਾ ਥੰਮ੍ਹ ਅਤੇ ਨੀਂਹ ਹੈ ਕਿਸ ਪ੍ਰਕਾਰ ਵਰਤਣਾ ਚਾਹੀਦਾ ਹੈ'' (3:14, 15)।

ਪੌਲੁਸ ਨੇ ਇਸ ਪੱਤਰੀ ਵਿਚ ਉਨ੍ਹਾਂ ਲੋਕਾਂ ਬਾਰੇ ਇਕ ਗੰਭੀਰ ਚੇਤਾਵਨੀ ਵੀ ਦਿੱਤੀ ਜਿਨ੍ਹਾਂ ਨੇ ਬੇਦੀਨ ਹੋ ਜਾਣਾ ਸੀ। ਕਈਆਂ ਨੇ ਤਾਂ ਪਹਿਲਾਂ ਹੀ ''ਨਿਹਚਾ ਦੀ ਬੇੜੀ ਡੋਬ ਦਿੱਤੀ ਸੀ'' (1:18-20)। ਖ਼ਾਸ ਤੌਰ ਤੇ ਕੁਝ ਔਰਤਾਂ ਨੇ ਆਪਣੇ ਪਹਿਲਾਂ ਵਾਲੇ ਵਿਸ਼ਵਾਸ ਨੂੰ ਛੱਡ ਦਿੱਤਾ ਸੀ (5:12)। ਕਈ ਝੂਠੀਆਂ ਕਹਾਣੀਆਂ ਅਤੇ ਵਿਰੋਧਾਂ ਕਰਕੇ, ਜੋ ਝੂਠ ਮੂਠ ਦਾ ਗਿਆਨ ਹੈ,

''ਨਿਹਚਾ ਦੇ ਨਿਸ਼ਾਨੇ ਤੋਂ ਖੁੰਝ ਗਏ'' ਸਨ (6:20, 21)। ਪੌਲੁਸ ਮੁਤਾਬਕ ਹੋਰਨਾਂ ਨੇ ਭਵਿੱਖ ਵਿਚ ਬੇਦੀਨ ਹੋ ਜਾਣਾ ਸੀ (4:1-3)।

ਇਸ ਲਈ ਤਿਮੋਥਿਉਸ ਦੇ ਨਾਲ ਨਾਲ ਸਭ ਇਵੈਂਜਲਿਸਟਾਂ ਅੱਗੇ ਬੇਨਤੀ ਕੀਤੀ ਗਈ ਹੈ ਕਿ ''ਨਿਹਚਾ ਵਿਚ ਸੱਚਾ ਬੱਚਾ'' (1:2) ਹੋਣ ਕਰਕੇ ਉਹ ''ਉਸ ਅਮਾਨਤ ਦੀ ਰਖਵਾਲੀ ਕਰਨ'' (6:20)। ਇੰਜੀਲ ਦੇ ਪ੍ਰਚਾਰਕਾਂ ਲਈ ਇਹ ਸੱਚਮੁੱਚ ਇਕ ਲਾਹੇਵੰਦ, ਵਿਹਾਰਕ ਅਤੇ ਸ਼ਕਤੀਸ਼ਾਲੀ ਪੱਤਰੀ ਹੈ।[2]

## ਪਾਉਣ ਵਾਲਾ

ਇਸ ਜਵਾਨ ਇਵੈਂਲਿਸਟ ਬਾਰੇ, ਜਿਸ ਦੇ ਨਾਂਅ ਪੌਲੁਸ ਨੇ ਇਹ ਪੱਤਰੀ ਲਿਖੀ ਸੀ, ਅਸੀਂ ਕੀ ਜਾਣਦੇ ਹਾਂ? ਪੌਲੁਸ ਨੇ ਤਿਮੋਥਿਉਸ ਨੂੰ ''ਨਿਹਚਾ ਵਿਚ ਮੇਰਾ ਸੱਚਾ ਬੱਚਾ'' (1:2) ਅਤੇ ''ਪਿਆਰੇ ਬੱਚੇ ਤਿਮੋਥਿਉਸ'' ਕਿਹਾ (2 ਤਿਮੋਥਿਉਸ 1:2)। ਪੌਲੁਸ ਰਾਹੀਂ ਪਿਆਰ ਨਾਲ ਭਰੇ, ਵਿਸ਼ਵਾਸ ਨਾਲ ਜੁੜੇ, ਇਹ ਇਜ਼ਹਾਰ ਸਾਨੂੰ ਇਕ ਅਜਿਹੇ ਆਦਮੀ ਦੀ ਪਛਾਣ ਕਰਾਉਂਦੇ ਹਨ ਜੋ ਪੌਲੁਸ ਦੇ ਸਭ ਤੋਂ ਅਜ਼ੀਜ਼ ਸਾਥੀਆਂ ਵਿੱਚੋਂ ਇਕ ਸੀ। ਤਿਮੋਥਿਉਸ ਇਕ ਬੜਾ ਹੀ ਬੁੱਧਵਾਨ ਆਦਮੀ ਸੀ ...। ਉਹਦਾ ਸੁਭਾਅ *ਮਿਲਣਸਾਰ* ਅਤੇ *ਵਫ਼ਾਦਾਰੀ* ਭਰਿਆ ਸੀ ...। ਪੌਲੁਸ ਤਿਮੋਥਿਉਸ ਨਾਲ ਪਿਆਰ ਕਰਦਾ ਸੀ ਅਤੇ ਉਹਦੀ ਸ਼ਖ਼ਸੀਅਤ ਦੇ ਗੁਣਾਂ ਦੀ ਤਾਰੀਫ਼ ਕਰਦਾ ਸੀ।[3]

## ਮਿਤੀ ਅਤੇ ਸਥਾਨ

ਇਸ ਸਵਾਲ ਦਾ ਜਵਾਬ ਦੇਣ ਲਈ ਕਿ ਇਹ ਪੱਤਰੀ ਕਦੋਂ ਅਤੇ ਕਿੱਥੇ ਲਿਖੀ ਗਈ, ਪੌਲੁਸ ਦੇ ਉਸ ਪੱਤਰੀ ਤੋਂ ਲਿਖਣ ਤੋਂ ਲੈ ਕੇ ਉਹਦੀ ਮੌਤ ਤਕ ਦੀ ਉਹਦੀ ਬਾਕੀ ਜ਼ਿੰਦਗੀ ਅਤੇ ਸਫ਼ਰਨਾਮਿਆਂ ਨੂੰ ਧਿਆਨ ਵਿਚ ਰੱਖਣਾ ਸਹੀ ਰਹੇਗਾ। ਰਸੂਲਾਂ ਦੇ ਕੰਮ ਵਿਚ ਲੂਕਾ ਵੱਲੋਂ ਦਿੱਤੇ ਗਏ ਪੌਲੁਸ ਦੀ ਜ਼ਿੰਦਗੀ ਦੇ ਵੇਰਵੇ ਵਿਚ ਪੌਲੁਸ ਵੱਲੋਂ ਤਿਮੋਥਿਉਸ ਦੇ ਨਾਂਅ ਦੋ ਅਤੇ ਤੀਤੁਸ ਦੇ ਨਾਂਅ ਇਕ ਪੱਤਰੀ ਵਿਚ ਸਫ਼ਰਨਾਮਿਆਂ ਦਾ ਵੇਰਵਾ ਨਹੀਂ ਦਿੱਤਾ ਗਿਆ। ਮੈਰਿਲ ਸੀ. ਟੈਨੀ[4] ਨੇ ਤਿਮੋਥਿਉਸ ਅਤੇ ਤੀਤੁਸ ਦੇ ਨਾਂਅ ਪੱਤਰੀਆਂ ਵਿਚ ਦਿੱਤੀਆਂ ਘਟਨਾਵਾਂ ਦੇ ਨਾਲ ਨਾਲ ਰਸੂਲਾਂ ਦੇ ਕੰਮ ਦੇ ਪੌਲੁਸ ਦੇ ਸਫ਼ਰਨਾਮੇ ਦੇ ਢੰਗ ਦੀ ਵੀ ਬੜੀ ਵਧੀਆ ਤੁਲਨਾ ਕੀਤੀ ਹੈ। ਰਸੂਲਾਂ ਦੇ ਕੰਮ ਮੁਤਾਬਕ, ਮਕਦੂਨੀਆ ਨੂੰ ਜਾਂਦਿਆਂ ਤਿਮੋਥਿਉਸ ਪੌਲੁਸ ਨੂੰ ਅਫ਼ਸੁਸ ਦੇ ਨੇੜੇ ਨਹੀਂ ਛੱਡ ਸਕਿਆ ਸੀ (1:3; ਰਸੂਲਾਂ ਦੇ ਕੰਮ 20:4-6)। ਫ਼ਿਲੇਮੋਨ 24 ਵਿਚ ਦੇਮਾਸ ਨੂੰ ਪੌਲੁਸ ਦੇ ਨਾਲ ਕੰਮ ਕਰਨ ਵਾਲਾ ਦੱਸਿਆ ਗਿਆ ਹੈ, 2 ਤਿਮੋਥਿਉਸ 4:10 ਤਕ ਉਹ ਪੌਲੁਸ ਨੂੰ ਛੱਡ ਚੁੱਕਾ ਸੀ। ਲੂਕਾ ਦੀ ਲਿਖੀ ਕਿਤਾਬ ਰਸੂਲਾਂ ਦੇ ਕੰਮ ਮੁਤਾਬਕ ਪੌਲੁਸ ਕ੍ਰੇਤ ਵਿਚ ਨਹੀਂ ਗਿਆ ਸੀ, ਜੋ ਤੀਤੁਸ 1:5 ਦੇ ਮੁਤਾਬਕ ਉਹਦੇ ਸਫ਼ਰ ਦੇ ਰਾਹ ਵਿਚ ਸੀ। ਟੈਨੀ ਨੇ ਵਾਧੂ ਦਿਲਚਸਪ ਤੁਲਨਾਵਾਂ ਵੀ ਕੀਤੀਆਂ ਹਨ। ਥਿਓਡੋਰ ਨੇ ਇਹ ਸਵਾਲ ਖੜ੍ਹਾ ਕੀਤਾ ਹੈ ਕਿ ''ਜੇ ਪੌਲੁਸ ਰੋਮ ਵਿਚ *[ਜੇਲ੍ਹ 'ਚ]* ਹੀ ਰਹਿ ਰਿਹਾ ਸੀ ਤਾਂ ਉਹ ਆਪਣਾ ਸਫ਼ਰ ਪੂਰਾ ਹੋਣ ਦੀ ਗੱਲ ਕਿਵੇਂ ਕਹਿ ਸਕਦਾ ਸੀ'' (ਜਿਵੇਂ ਰਸੂਲਾਂ ਦੇ ਕੰਮ 28 ਅਧਿਆਇ ਵਿਚ) ਕਿਉਂਕਿ ਉਸ ਦੀ ਮਰਜ਼ੀ ਤਾਂ ਸਪੇਨ ਜਾਣ ਦੀ ਸੀ (ਵੇਖੋ ਰੋਮੀਆਂ 15:24-28; 2 ਤਿਮੋਥਿਉਸ 4:7, 8)?[5]

ਜੇ ਅਸੀਂ ਇਕ ਘਟਨਾ ਹੋਣ ਦਈਏ ਤਾਂ ਲੂਕਾ ਵੱਲੋਂ ਰਸੂਲਾਂ ਦੇ ਕੰਮ ਦੇ ਵੇਰਵੇ ਦੇ ਬਾਅਦ ਵਿਚ ਪੌਲੁਸ ਜੇਲ੍ਹ ਤੋਂ ਛੁੱਟ ਗਿਆ ਤਾਂ ਛੋਟੀਆਂ ਛੋਟੀਆਂ ਗੱਲਾਂ ਇੱਕੋਂ ਥਾਂ ਇਕੱਠੀਆਂ ਹੋ ਜਾਂਦੀਆਂ ਹਨ। ਫਿਰ ਉਸ ਲਈ ਦੁਬਾਰਾ ਰੋਮ ਵਿਚ ਜੇਲ੍ਹ ਵਿਚ ਪੈਣਾ ਆਪਣੀ ਦੌੜ ਜਾਰੀ ਰੱਖਣਾ ਅਤੇ ਪੂਰਾ ਕਰਨਾ ਸੰਭਵ ਸੀ। ਜਿਸ ਨੇ ਉੱਥੇ ਹਕੀਕਤ ਵਿਚ ਦੁਨੀਆਂ ਦਾ ਆਪਣਾ ਸਫ਼ਰ ਪੂਰਾ ਕੀਤਾ।

ਹੇਠਾਂ ਦਿੱਤਾ ਗਿਆ ਸਰਵੇਖਣ ਰੋਮ ਵਿਚ ਪੌਲੁਸ ਦੀ ਪਹਿਲੀ ਕੈਦ ਤੋਂ ਲੈ ਕੇ ਉਸ ਦੀ ਮੌਤ ਦੇ ਨੇੜੇ ਤਕ ਦੇ ਉਸ ਦੇ ਸਫ਼ਰ ਦੇ ਰਾਹ ਦਾ ਪਤਾ ਲਾਉਣ ਦੀ ਕੋਸ਼ਿਸ਼ ਹੈ। ਖ਼ੁਦਾ ਦੀ ਪ੍ਰੇਰਣਾ ਨਾਲ ਲਿਖੀ ਬਾਈਬਲ ਉਸ ਦੇ ਹਰ ਟਿਕਾਣੇ ਦਾ ਜ਼ਿਕਰ ਨਹੀਂ ਕਰਦੀ ਹੈ। ਇਸ ਲਈ ਇਹ ਜਾਣਕਾਰੀ ਉਸ ਭਾਗ ਨਾਲ ਜੋੜਨ ਲਈ ਹੈ ਜੋ ਸਾਨੂੰ ਬਾਈਬਲ ਵਿੱਚੋਂ ਮਿਲਦਾ ਹੈ, ਪਰ ਇਹ ਪੂਰੀ ਚੌਕਸੀ ਨਾਲ ਹੈ ਕਿ ''ਖਾਲੀ ਥਾਂ'' ਵਾਲੀਆਂ ਕੋਸ਼ਿਸ਼ਾਂ ਇਨਸਾਨ ਦੀਆਂ ਹਨ। ਜਿਨ੍ਹਾਂ ਵਿਚ ਗ਼ਲਤੀ ਦੀ ਗੁੰਜਾਇਸ਼ ਰਹਿੰਦੀ ਹੈ।

ਪੌਲੁਸ ਦਾ ਜੇਲ੍ਹ ਤੋਂ ਛੁੱਟਣਾ ਬਾਈਬਲ ਦੀ ਕਿਸੇ ਵੀ ਗੱਲ ਦੇ ਖ਼ਿਲਾਫ਼ ਨਹੀਂ ਹੈ। ਲੂਕਾ ਨੇ ਇਹ ਦਾਅਵਾ ਨਹੀਂ ਕੀਤਾ ਕਿ ਰਸੂਲਾਂ ਦੇ ਕੰਮ ਦੀ ਕਿਤਾਬ ਪੌਲੁਸ ਦੀ ਮੌਤ ਤਕ ਲਿਖੀ ਜਾ ਰਹੀ ਸੀ (ਰਸੂਲਾਂ ਦੇ ਕੰਮ 28:30, 31)। ਪੌਲੁਸ ਨੇ ਸੰਕੇਤ ਦਿੱਤਾ ਕਿ ਉਸ ਨੇ ਜੇਲ੍ਹ ਵਿੱਚੋਂ ਛੁੱਟਣ ਦਾ ਅੰਦਾਜ਼ਾ ਲਾ ਲਿਆ ਸੀ (ਵੇਖੋ ਫ਼ਿਲਿੱਪੀਆਂ 2:24)। ਉਸ ਨੇ ਤਾਂ ਫਿਲੇਮੋਨ ਨੂੰ ਆਪਣੇ ਰਹਿਣ ਲਈ ਜਗ੍ਹਾ ਤਿਆਰ ਕਰਨ ਲਈ ਵੀ ਕਹਿ ਦਿੱਤਾ ਸੀ (ਫ਼ਿਲੇਮੋਨ 22)। *ਜੇਲ੍ਹ 'ਚੋਂ ਛੁੱਟਣ ਤੋਂ ਬਾਅਦ ਪੌਲੁਸ ਕਿੱਥੇ ਗਿਆ?* ਹੇਠਾਂ ਦਿੱਤੀ ਜਾਣਕਾਰੀ ਉਨ੍ਹਾਂ ਘਟਨਾਵਾਂ ਦੀ ਜੋੜਨ ਦੀ ਇਕ ਕੋਸ਼ਿਸ਼ ਹੈ।

1. ਜਿਵੇਂ ਹੀ ਪੌਲੁਸ ਨੂੰ ਪਤਾ ਲੱਗਾ ਕਿ ਉਸ ਦੇ ਬਾਅਦ ਕੀ ਹੋਣ ਵਾਲਾ ਹੈ, ਉਸ ਨੇ ਤਿਮੋਥਿਉਸ ਨੂੰ ਫ਼ਿਲਿੱਪੈ ਵੱਲ ਭੇਜ ਦਿੱਤਾ (ਫ਼ਿਲਿੱਪੀਆਂ 2:19-23)।
2. ਪੌਲੁਸ ਛੁੱਟ ਗਿਆ ਸੀ ਅਤੇ ਏਸ਼ੀਆ ਮਾਈਨਰ ਅਤੇ ਮਕਦੂਨੀਆ ਦੇ ਆਪਣੇ ਯੋਜਨਾਬੱਧ ਸਫ਼ਰ ਲਈ ਨਿੱਕਲ ਗਿਆ ਸੀ। ਰੋਮ ਤੋਂ ਜਾਂਦਿਆਂ, ਪੌਲੁਸ ਕ੍ਰੇਤ ਵਿਚ ਆਇਆ, ਜਿੱਥੇ ਉਸ ਨੇ ਤੀਤੁਸ ਨੂੰ ਛੱਡਿਆ ਸੀ (ਤੀਤੁਸ 1:5)।
3. ਆਪਣਾ ਸਫ਼ਰ ਜਾਰੀ ਰੱਖਦਿਆਂ ਉਹ ਫ਼ਿਲੇਮੋਨ ਨੂੰ ਮਿਲਣ ਅਤੇ ਓਨੇਸਿਮੁਸ ਬਾਰੇ ਗੱਲ ਕਰਨ ਲਈ ਏਸ਼ੀਆ ਮਾਈਨਰ ਵਿਚ ਆਇਆ (ਫ਼ਿਲੇਮੋਨ 10-22)। ਇਹ ਕੁਲੁੱਸੇ ਦੀ ਗੱਲ ਹੈ (ਕੁਲੁੱਸੀਆਂ 4:9)। ਕੁਲੁੱਸੇ ਨੂੰ ਜਾਂਦਿਆਂ ਉਹ ਮਿਲੇਤੁਸ ਨੂੰ (ਅਫ਼ਸੁਸ ਨੇ ਨੇੜੇ) ਅਸਾਨੀ ਨਾਲ ਚਲਿਆ ਗਿਆ।
4. ਪੌਲੁਸ ਮਿਲੇਤੁਸ ਵਿਚ ਵਾਪਸ ਆਇਆ ਜਿੱਥੇ ਉਹ ਤਿਮੋਥਿਉਸ ਨੂੰ ਮਿਲਿਆ (ਜੋ ਪੌਲੁਸ ਦੀ ਬੇਨਤੀ ਤੇ ਫ਼ਿਲਿੱਪੈ ਵਿਚ ਗਿਆ ਸੀ) ਅਤੇ ਫਿਰ ਉਹ ਅਫ਼ਸੁਸ ਨੂੰ ਗਿਆ (ਸ਼ਾਇਦ ਰਾਹ ਵਿਚ ਤ੍ਰੋਆਸ ਵਿਚ ਰੁਕ ਕੇ)। ਰਸੂਲਾਂ ਦੇ ਕੰਮ 20:25 ਤਾ ਕਿ ਮਿਲੇਤੁਸ (ਅਫ਼ਸੁਸ ਦੇ ਮੁਕਾਬਲੇ) ਪੌਲੁਸ ਵੱਲੋਂ ਤਿਮੋਥਿਉਸ ਨੂੰ ਮਿਲਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪੌਲੁਸ ਨੇ ਇਸ ਤੋਂ ਪਹਿਲਾਂ ਅਫ਼ਸੁਸ ਦੇ ਐਲਡਰਾਂ ਨੂੰ ਦੱਸਿਆ ਸੀ (ਜੋ ਉਸ ਨੂੰ ਮਿਲੇਤੁਸ ਵਿਚ ਮਿਲੇ ਸਨ), ''ਮੈਂ ਜਾਣਦਾ ਹਾਂ ਜੋ ਤੁਸੀਂ ਸਭ, ... ਮੇਰਾ ਮੂੰਹ ਫਿਰ ਕਦੇ ਨਾ ਵੇਖੋਗੇ।'' ਇਸ ਵਿਚਾਰ ਦੀ ਕਿ ਇਸ ਤੋਂ ਵੱਧ

ਸੰਭਾਵਨਾ ਹੈ ਕਿ ਉਹ ਗਿਆ, ਪਰ ਵਕਤ ਜਾਂ ਹਾਲਾਤ ਕਰਕੇ ਉੱਥੇ ਕਿਸੇ ਐਲਡਰ ਨੂੰ ਨਹੀਂ ਮਿਲ ਸਕਿਆ। ਪੌਲੁਸ ਨੂੰ ਤਿਮੋਥਿਉਸ ਦਾ ਇਕ ਸੰਦੇਸ਼ ਮਿਲਿਆ (ਫ਼ਿਲਿੱਪੀਆਂ 2:19-24) ਅਤੇ ਉਹ ਤਿਮੋਥਿਉਸ ਨੂੰ ਅਫ਼ਸੁਸ ਵਿਚ ਠਹਿਰਨ ਦੀ ਬੇਨਤੀ ਕਰਦਿਆਂ ਫ਼ਿਲਿੱਪੈ ਵੱਲ ਚਲਿਆ ਗਿਆ। ਤੀਤੁਸ 1:5 ਦੇ ਉਲਟ, 1 ਤਿਮੋਥਿਉਸ 1:3 ਇਹ ਨਹੀਂ ਕਹਿੰਦਾ ਕਿ ਪੌਲੁਸ ਨੇ ਅਫ਼ਸੁਸ ਵਿਚ ਕੰਮ ਪੂਰਾ ਕਰਨ ਲਈ ਤਿਮੋਥਿਉਸ ਨੂੰ ਉੱਥੇ ਛੱਡ ਦਿੱਤਾ।

5. ਮਕਦੂਨੀਆ ਵਿਚ ਰਹਿੰਦਿਆਂ ਪੌਲੁਸ ਨੇ ਛੇਤੀ ਹੀ ਅਫ਼ਸੁਸ ਦੇ ਇਲਾਕੇ ਵਿਚ ਜਾਣ ਦੀ ਉਮੀਦ ਨਾਲ, ਪਰ ਇਹ ਜਾਣਦਿਆਂ ਕਿ ਉਸ ਨੂੰ ਦੇਰ ਹੋ ਸਕਦੀ ਹੈ, 1 ਤਿਮੋਥਿਉਸ ਲਿਖਿਆ (3:14, 15; 4:13)।
6. ਬਾਅਦ ਵਿਚ ਪੌਲੁਸ ਨੇ ਮਕਦੂਨੀਆ ਵਿਚ ਰਹਿੰਦਿਆਂ ਸ਼ਾਇਦ ਫ਼ਿਲਿੱਪੈ ਤੋਂ ਤੀਤੁਸ ਨੂੰ ਲਿਖਿਆ ਅਤੇ ਆਪਣੇ ਸਫ਼ਰ ਦੀਆਂ ਯੋਜਨਾਵਾਂ ਬਦਲ ਦਿੱਤੀਆਂ ਸਨ। ਉਹ ਮਿਕਾਪੁਲਿਸ (ਏਪੀਰੁਸ ਵਿਚ, ਇਯੋਨੀ ਸਮੁੰਦਰ ਦੇ ਪੂਰਵੀ ਕੰਢੇ ਤੇ) ਤੋਂ ਤੀਤੁਸ ਨੂੰ ਨਾਲ ਲਿਜਾਣਾ ਚਾਹੁੰਦਾ ਸੀ, ਜਿੱਥੇ ਪੌਲੁਸ ਨੇ ਸਿਆਲ ਕੱਟਣ ਦੀ ਯੋਜਨਾ ਬਣਾਈ ਸੀ। ਕ੍ਰੇਤ ਵਿਚ ਕੰਮ ਜਾਰੀ ਰੱਖਣ ਲਈ (ਤੀਤੁਸ 3:12) ਉਸ ਨੇ ਅਰਤਮਾਸ ਜਾਂ ਤੁਖਿਕੁਸ (ਅਫ਼ਸੀਆਂ 6:21, 22; ਕੁਲੁੱਸੀਆਂ 4:7, 8) ਨੂੰ ਭੇਜਣ ਦਾ ਵਾਅਦਾ ਕੀਤਾ (ਜਾਂ ਘੱਟੋ ਘੱਟ ਉਮੀਦ ਕੀਤੀ)।
7. ਵਿਆਪਕ ਬਾਹਰੀ ਸਬੂਤ ਤੋਂ ਸੁਝਾਅ ਮਿਲਦਾ ਹੈ ਕਿ ਪੌਲੁਸ ਨੇ ਜਿਵੇਂ ਚਾਹਿਆ ਸੀ ਉਵੇਂ ਹੀ ਸਪੇਨ ਲਈ ਆਪਣਾ ਸਫ਼ਰ ਜਾਰੀ ਰੱਖਿਆ (ਵੇਖੋ ਰੋਮੀਆਂ 15:24, 28.)[6]
8. ਦਿੱਤੇ ਗਏ ਸਬੂਤ ਮੁਤਾਬਕ ਸਪੇਨ ਵਿਚ ਜਾਣ ਦੇ ਬਾਅਦ ਪੌਲੁਸ ਕੁਰਿੰਥੁਸ ਵਿਚ ਰੁਕ ਕੇ ਅਤੇ ਉੱਥੇ ਅਰਸਤੁਸ ਨੂੰ ਛੱਡ ਕੇ ਏਸ਼ੀਆ ਮਾਈਨਰ ਵਿਚ ਚਲਿਆ ਗਿਆ। ਫਿਰ ਉਹ ਕਰਪੁਸ ਕੋਲ ਆਪਣਾ ਚੋਗਾ ਅਤੇ ਚਮੜੇ ਦੇ ਪੱਤਰੇ ਛੱਡ ਕੇ ਤ੍ਰੋਆਸ ਵਿਚ ਚਲਿਆ ਗਿਆ (2 ਤਿਮੋਥਿਉਸ 4:13, 20) ਉੱਥੋਂ ਉਹ ਮਿਲੇਤੁਸ ਵਿਚ ਗਿਆ ਹੋਵੇਗਾ ਜਿੱਥੇ ਉਹ ਤ੍ਰਿਫ਼ਿਮੁਸ ਨੂੰ ਬਿਮਾਰ ਛੱਡ ਆਇਆ ਸੀ।
9. ਮਿਲੇਤੁਸ ਤੋਂ ਰੋਮ ਵਿਚ ਕਿਸੇ ਥਾਂ ਪੌਲੁਸ ਨੂੰ ਥੋੜ੍ਹੀ ਦੇਰ ਲਈ ਫਿਰ ਤੋਂ ਗਿਰਫ਼ਤਾਰ ਕਰਕੇ ਸਖ਼ਤ ਕੈਦ ਵਿਚ ਪਾ ਦਿੱਤਾ ਗਿਆ (2 ਤਿਮੋਥਿਉਸ 1:16, 17; 2:9; 4:14-18)। ਉਹਨੂੰ ਅੰਦਾਜ਼ਾ ਸੀ ਕਿ ਹੁਣ ਉਹਦੀ ਜ਼ਿੰਦਗੀ ਦਾ ਅਖ਼ੀਰ ਹੋਣ ਵਾਲਾ ਹੈ (2 ਤਿਮੋਥਿਉਸ 4:6-8)। ਸਿਆਲ ਤੋਂ ਪਹਿਲਾਂ ਤਿਮੋਥਿਉਸ ਦੇ ਉਹਦੇ ਕੋਲ ਆਉਣ ਦੀ ਉਡੀਕ ਸੀ (2 ਤਿਮੋਥਿਉਸ 4:9-11, 21)। ਬੇਸ਼ੱਕ ਉਸ ਨੂੰ ਇਹ ਪਤਾ ਨਹੀਂ ਸੀ ਕਿ ਉੱਥੇ ਕਿਹੋ ਜਿਹੇ ਔਖੇ ਹਲਾਤ ਦਾ ਸਾਹਮਣਾ ਕਰਨਾ ਪਵੇਗਾ ਪਰ ਉਹਦਾ ਮਨ ਪੱਕਾ ਸੀ (2 ਤਿਮੋਥਿਉਸ 4:18; ਵੇਖੋ 2 ਕੁਰਿੰਥੀਆਂ 4:16-5:1; ਫ਼ਿਲਿੱਪੀਆਂ 1:21, 23)।

1 ਤਿਮੋਥਿਉਸ ਲਿਖਣ ਦੀ ਮਿਤੀ (ਉੱਪਰ ਦਿੱਤੇ ਆਂਕੜਿਆਂ ਕਰਕੇ) ਆਮ ਤੌਰ ਤੇ 63 ਜਾਂ 64 ਈਸਵੀ ਨਿਰਧਾਰਿਤ ਕੀਤੀ ਜਾਂਦੀ ਹੈ ਜਿਸ ਦੇ ਥੋੜ੍ਹੀ ਦੇਰ ਬਾਅਦ ਹੀ ਤਿਮੋਥਿਉਸ ਦੇ ਨਾਂਅ

ਲਿਖੀ ਪੱਤਰੀ ਵੀ ਸ਼ਾਮਿਲ ਹੈ। ਦੋਵੇਂ ਪੱਤਰੀਆਂ ਮਕਦੂਨੀਆ ਵਿਚ ਕਿਸੇ ਥਾਂ ਲਿਖਿਆਂ ਗਈਆਂ ਸਨ।

## ਵਿਸ਼ਾ ਵਸਤੂ

ਇਕ ਤਿਮੋਥਿਉਸ 6 ਅਧਿਆਇ ਵਿਚ ਵੱਖੋ ਵੱਖ ਸਿਰਲੇਖਾਂ ਨਾਲ ਖ਼ੁਦਾ ਦੇ ਵਚਨ (''ਪਰਮੇਸ਼ੁਰ ਦਾ ਵਚਨ''; ''ਸਚਿਆਈ''; ''ਲਿਖਤ'') ਉਨ੍ਹਾਂ ਵਿਚ ਖ਼ਾਸ ਹੁਕਮ, ਤਾੜਨਾਵਾਂ ਅਤੇ ਫ਼ਰਮਾਨ ਹਨ ਜੋ ਤਿਮੋਥਿਉਸ ਨੂੰ ਦਿੱਤੇ ਗਏ ਸਨ। ਉਸ ਸੇਵਾ ਤੇ ਜੋ ਤਿਮੋਥਿਉਸ ਨੇ ਕਰਨੀ ਸੀ ਇਹ ਜ਼ਬਰਦਸਤ ਜ਼ੋਰ ਅਤੇ ਉਸ ਦੀ ਅਗਵਾਈ ਦੇ ਰੂਪ ਵਿਚ ਪਵਿੱਤਰ ਲਿਖਤ ਦੀ ਵਰਤੋਂ ਇਕ ਅਜਿਹਾ ਸੰਜੋਗ ਬਣ ਜਾਂਦੀ ਹੈ ਜੋ ਇਸ ਅਧਿਐਨ ਦੀ ਵਿਸ਼ਾ ਵਸਤੂ ਭਾਵ ਖ਼ੁਦਾ ਦੇ ਹਰ ਤਰ੍ਹਾਂ ਨਾਲ ਕਾਫ਼ੀ ਵਚਨ ਨਾਲ ਇਵੈਂਜਲਿਸਟ ਦੀ ਜ਼ਿੰਦਗੀ ਦੀ ਵਿਆਖਿਆ ਕਰਦੀ ਹੈ।

ਇਹ ਵਚਨ ਉਸ ਖ਼ੁਦਾ ਵੱਲੋਂ ਹੈ ਜੋ ਚਾਹੁੰਦਾ ਹੈ ਕਿ ਸਭ ਲੋਕ ਬਚਾਏ ਜਾਣ (2:3, 4) ਇਕ ਸਨਾਤਨ ਨੇਮ ਹੈ (ਇਬਰਾਨੀਆਂ 13:20, 21) ਅਤੇ ਇਹ ਖ਼ੁਦਾਈ ਯੋਜਨਾ ਉਨ੍ਹਾਂ ਪ੍ਰਚਾਰਕਾਂ ਰਾਹੀਂ ਹੀ ਦਿੱਤੀ ਜਾਣੀ ਹੈ ਜੋ ਉਸ ਵਚਨ ਦਾ ਪ੍ਰਚਾਰ ਕਰਦੇ ਹਨ (4:13-16; 1 ਕੁਰਿੰਥੀਆਂ 1:21), ਇਸ ਕਰਕੇ 1 ਤਿਮੋਥਿਉਸ ਅਜਿਹਾ ਸੰਦੇਸ਼ ਹੈ ਜੋ ਇੰਜੀਲ ਦੇ ਹਰ ਪ੍ਰਚਾਰਕ ਲਈ ਹੈ ਅਤੇ ਸਭ ਨੂੰ ਚਾਹੀਦਾ ਹੈ ਕਿ ਉਹ ਇਸ ਤੇ ਧਿਆਨ ਦੇਣ। ਇਹ ਸੰਦੇਸ਼ ਖ਼ੁਦਾ ਦੇ ਘਰ, ਜੋ ''ਜਿਉਂਦੇ ਪਰਮੇਸ਼ੁਰ ਦੀ ਕਲੀਸੀਆ ਹੈ'' (3:14, 15) ਵਿਚ ਵਿਸ਼ਵਾਸ ਨਾਲ ਰਹਿਣ ਵਾਲੇ ਲੋਕਾਂ ਲਈ ਸੰਦੇਸ਼ ਹੈ ਕਿ ਪ੍ਰਭੂ ਲਈ ਉਨ੍ਹਾਂ ਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ (4:6-16)।

ਕਿਸੇ ਵੀ ਤਰ੍ਹਾਂ ਦੇ ਅਧਿਐਨ ਵਿਚ ਲੇਖਕ ਵੱਲੋਂ ਵਰਤੇ ਗਏ ਵਿਅਕਤੀਵਾਚਕ ਨਾਮ ਜਿਵੇਂ ਲੋਕਾਂ, ਥਾਂਵਾਂ ਅਤੇ ਚੀਜ਼ਾਂ ਦੇ ਨਾਂਵਾਂ ਦੇ ਅਰਥ ਪਤਾ ਹੋਣਾ ਬੇਹੱਦ ਜ਼ਰੂਰੀ ਹੈ। ਇਹ ਉਹ ਢਾਂਚਾ ਹੁੰਦਾ ਹੈ ਜਿਹਦੇ ਦੁਆਲੇ ਕਹਾਣੀ, ਜਾਂ ਹਦਾਇਤ ਬਣਦੀ ਹੈ। ਕਿਸੇ ਵੀ ਹੋਰ ਖੇਤਰ ਵਾਂਗ ਬਾਈਬਲ ਅਧਿਐਨ ਦੀ ਵੀ ਅਹਿਮੀਅਤ ਘੱਟ ਨਹੀਂ ਹੈ। 1 ਤਿਮੋਥਿਉਸ ਦਾ ਅਧਿਐਨ ਕਰਨ ਤੋਂ ਪਹਿਲਾਂ ਚਿੱਠੀ ਵਿਚ ਆਏ ਲੋਕਾਂ, ਥਾਂਵਾਂ ਅਤੇ ਆਮ ਤੌਰ ਤੇ ਵਰਤੀਆਂ ਗਈਆਂ ਧਾਰਨਾਵਾਂ ਵੱਲ ਝਾਤ ਮਾਰਦੇ ਹਾਂ।

## 1 ਤਿਮੋਥਿਉਸ ਵਿਚਲੇ ਲੋਕ

**ਤਿਮੋਥਿਉਸ**

*''ਅੱਗੇ ਜੋਗ ਤਿਮੋਥਿਉਸ ਨੂੰ ਜਿਹੜਾ ਨਿਹਚਾ ਵਿਚ ਮੇਰਾ ਸੱਚਾ ਬੱਚਾ ਹੈ ਪਿਤਾ ਪਰਮੇਸ਼ੁਰ ਅਤੇ ਮਸੀਹ ਯਿਸੂ ਸਾਡੇ ਪ੍ਰਭੂ ਦੀ ਵੱਲੋਂ ਕਿਰਪਾ, ਦਇਆ ਅਤੇ ਸ਼ਾਂਤੀ ਹੁੰਦੀ ਰਹੇ'' (1:2)।*

ਤਿਮੋਥਿਉਸ ਪੰਦਰਾਂ ਜਾਂ ਇਸ ਤੋਂ ਵੱਧ ਸਾਲਾਂ ਵਿਚ ਪੌਲੁਸ ਦਾ ਚੇਲਾ, ਦੋਸਤ ਅਤੇ ਬੜਾ ਹੀ ਸਨਮਾਨਤ ਸਹਿਕਰਮੀ ਸੀ। ਦੋ ਪੱਤਰੀਆਂ ਵਿਚ, ਪੌਲੁਸ ਨੇ ਤਿਮੋਥਿਉਸ ਨੂੰ ''ਨਿਹਚਾ ਵਿਚ ਮੇਰਾ ਸੱਚਾ ਬੱਚਾ'' (1:2), ''ਹੇ ਮੇਰੇ ਬੱਚੇ'' (1:18; 2 ਤਿਮੋਥਿਉਸ 2:1) ਅਤੇ ''ਪਿਆਰੇ ਬੱਚੇ'' (2 ਤਿਮੋਥਿਉਸ 1:2) ਆਖ ਕੇ ਸੰਬੋਧਿਤ ਕੀਤਾ। ਰਸੂਲਾਂ ਦੇ ਕੰਮ ਕਿਤਾਬ ਵਿਚ ਉਹਦਾ ਜ਼ਿਕਰ ਛੇ ਵਾਰ ਆਉਂਦਾ ਹੈ।[7] ਪਹਿਲੀ ਵਾਰ ਉਸ ਦਾ ਜ਼ਿਕਰ ''ਇਕ ਚੇਲੇ'' ਦੇ ਰੂਪ ਵਿਚ ਆਉਂਦਾ ਹੈ ਜੋ ਉਸ ਸਮੇਂ ਲੁਸਤਰਾ ਵਿਚ ਸੀ ਜਦ ਪੌਲੁਸ ਅਤੇ ਸੀਲਾਸ ਦੂਜੇ

ਮਿਸ਼ਨਰੀ ਸਫ਼ਰ ਤੇ ਉੱਥੇ ਪਹੁੰਚੇ ਸਨ (ਰਸੂਲਾਂ ਦੇ ਕੰਮ 16:1)। ਉੱਥੋਂ ਹੀ ਤਿਮੋਥਿਉਸ ਨੇ ਪੌਲੁਸ ਅਤੇ ਸੀਲਾਸ ਦੇ ਨਾਲ ਜਾਣਾ ਸ਼ੁਰੂ ਕੀਤਾ ਸੀ।

ਤਿਮੋਥਿਉਸ ਯਹੂਦੀ ਸੀ ਜਿਸ ਦੀ ਮਾਂ ਤਾਂ ਯਹੂਦਣ ਸੀ ਪਰ ਪਿਤਾ ਗ਼ੈਰ ਕੌਮ ਸੀ। ਇਸ ਲਈ ਅਬਰਾਹਾਮ ਨਾਲ ਖ਼ੁਦਾ ਦੇ ਨੇਮ ਮੁਤਾਬਕ ਉਸ ਦੀ ਸੁੰਨਤ ਨਾ ਹੋਣ ਤੇ ਉਸ ਨੂੰ ਯਹੂਦੀਆਂ ਵਿਚ ਕੰਮ ਕਰਨ ਦੀ ਅਜ਼ਾਦੀ ਨਹੀਂ ਮਿਲਦੀ ਸੀ (ਉਤਪਤ 17)। ਧਾਰਮਿਕ ਨਹੀਂ ਪਰ ਹੋਰ ਜ਼ਾਤੀ ਕਾਰਣਾਂ ਕਰਕੇ ਪੌਲੁਸ ਨੂੰ ਇਸ ਜਵਾਨ ਯਹੂਦੀ ਮਸੀਹੀ ਦੀ ਸੁੰਨਤ ਕਰਨੀ ਪਈ ਸੀ।[8]

ਜਦ ਪੌਲੁਸ ਨੇ ਥੱਸਲੁਨੀਕੇ ਅਤੇ ਬਿਰੀਆ ਦੇ ਇਲਾਕੇ ਵਿੱਚੋਂ ਜਾਣਾ ਸੀ, ਤਾਂ ਤਿਮੋਥਿਉਸ ਸੀਲਾਸ ਦੇ ਨਾਲ ਉੱਥੇ ਹੀ ਰੁਕਿਆ ਸੀ ਅਤੇ ਦੋਹਾਂ ਨੇ ਨੇੜਲੇ ਭਵਿੱਖ ਵਿਚ ਪੌਲੁਸ ਨਾਲ ਅਥੇਨੇ (ਜਾਂ ਏਥਨ) ਵਿਚ ਮਿਲਣ ਦਾ ਫ਼ੈਸਲਾ ਕੀਤਾ ਸੀ (ਰਸੂਲਾਂ ਦੇ ਕੰਮ 17:14, 15)। ਯੋਜਨਾ ਮੁਤਾਬਕ ਅਥੇਨੇ ਵਿਚ ਉਨ੍ਹਾਂ ਦੇ ਨਾ ਪਹੁੰਚਣ ਵਿਚ ਪੌਲੁਸ ਘਬਰਾ ਤਾਂ ਗਿਆ ਪਰ ਕੁਰਿੰਥੁਸ ਵਿਚ ਅੱਗੇ ਵਧ ਗਿਆ ਜਿੱਥੇ ਉਹ ਦੋਵੇਂ ਜਵਾਨ ਅਖ਼ੀਰ ਵਿਚ ਪੌਲੁਸ ਨੂੰ ਮਕਦੂਨੀਆ ਦੀਆਂ ਕਲੀਸੀਆਵਾਂ ਦੇ ਹਾਲ ਬਾਰੇ ਦਿਲੇਰੀ ਦੇਣ ਲਈ ਉੱਥੇ ਪਹੁੰਚ ਗਏ (ਰਸੂਲਾਂ ਦੇ ਕੰਮ 18:5)। ਬਾਅਦ ਵਿਚ ਤਿਮੋਥਿਓਸ ਨੂੰ ਅਫ਼ਸੁਸ ਤੋਂ ਇਰਾਸਤੁਸ ਦੇ ਨਾਲ ਮਕਦੂਨੀਆ ਭੇਜਿਆ ਗਿਆ (ਰਸੂਲਾਂ ਦੇ ਕੰਮ 19:22)। ਉਸ ਦੇ ਬਾਅਦ ਯੂਨਾਨ ਵਿਚ ਉਹ ਪੌਲੁਸ ਦੇ ਨਾਲ ਸੀ।

ਪੌਲੁਸ ਦੇ ਖ਼ਿਲਾਫ਼ ਰਚੀ ਗਈ ਇਕ ਸਾਜ਼ਿਸ਼ ਦਾ ਪਤਾ ਉਦੋਂ ਲੱਗਾ ਜਦੋਂ ਸਮੁੰਦਰੀ ਰਾਹ 'ਚੋਂ ਦੀ ਉਸ ਦਾ ਫ਼ਲਸਤੀਨ ਜਾਣ ਦਾ ਸਮਾਂ ਨੇੜੇ ਆਇਆ। ਇਸ ਲਈ ਹੋਰ ਲੋਕਾਂ ਨੂੰ ਨਾਲ ਲੈ ਕੇ ਤਿਮੋਥਿਉਸ ਨੂੰ ਤ੍ਰੋਆਸ ਵੱਲ ਏਜਿਅਨ ਸਮੁੰਦਰ ਦੇ ਪਾਰ ਉਸ ਤੋਂ ਪਹਿਲਾਂ ਹੀ ਭੇਜ ਦਿੱਤਾ ਗਿਆ। ਉੱਥੇ ਇਹ ਟੋਲੀ ਪੌਲੁਸ ਨੂੰ ਫਿਰ ਮਿਲੀ ਸੀ (ਰਸੂਲਾਂ ਦੇ ਕੰਮ 20:4-6)।

ਪੌਲੁਸ ਨੇ ਫ਼ਿਲਿੱਪੈ ਦੀ ਕਲੀਸੀਆ ਦੇ ਨਾਂਅ ਆਪਣੀ ਚਿੱਠੀ ਵਿਚ ਤਿਮੋਥਿਉਸ ਦੀ ਬੜੀ ਸ਼ਲਾਘਾ ਕੀਤੀ। ਉਸ ਨੇ ਲਿਖਿਆ, ''ਕਿਉਂਕਿ ਉਹ ਦੇ ਸਮਾਨ ਮੇਰੇ ਕੋਲ ਹੋਰ ਕੋਈ ਨਹੀਂ ਜੋ ਸੱਚੇ ਦਿਲ ਨਾਲ ਤੁਹਾਡੇ ਲਈ ਚਿੰਤਾ ਕਰੇ'' (ਫ਼ਿਲਿੱਪੀਆਂ 2:20)।

ਜ਼ਿੰਦਗੀ ਦੇ ਆਖ਼ਰੀ ਦਿਨਾਂ ਵਿਚ ਨਹੀਂ ਤਾਂ ਆਖ਼ਰੀ ਹਫ਼ਤਿਆਂ ਵਿਚ, ਪੌਲੁਸ ਦੀ ਸਭ ਤੋਂ ਵੱਡੀ ਖ਼ਾਹਿਸ਼ ਤਿਮੋਥਿਉਸ ਨੂੰ ਰੋਮ ਸੱਦ ਕੇ ਉਸਨੂੰ ਮਿਲਣ ਦੀ ਸੀ। ਉਸ ਨੇ ਪੌਲੁਸ ਦੀਆਂ ਕੁਝ ਨਿੱਜੀ ਚੀਜ਼ਾਂ ਲਿਆਉਣ ਲਈ ਅਤੇ ਭਵਿੱਖ ਲਈ ਹਦਾਇਤ ਲੈਣ ਆਉਣਾ ਸੀ (2 ਤਿਮੋਥਿਉਸ 4:13)।

### ਹੁਮਨਿਉਸ ਅਤੇ ਸਿਕੰਦਰ

*''ਉਨ੍ਹਾਂ ਵਿੱਚੋਂ ਹੁਮਨਿਉਸ ਅਤੇ ਸਿਕੰਦਰ ਹਨ ਜਿਹਨਾਂ ਨੂੰ ਮੈਂ ਸ਼ੈਤਾਨ ਦੇ ਗੋਚਰੇ ਕਰ ਦਿੱਤਾ ਭਈ ਤਾੜਨਾ ਪਾ ਕੇ ਓਹ ਕੁਫ਼ਰ ਦੀਆਂ ਗੱਲਾਂ ਨਾ ਬਕਣ'' (1:20)।*

ਉਹ ਅਫ਼ਸੁਸ ਵਿਚ ਰਹਿਣ ਵਾਲੇ ਝੂਠੇ ਗੁਰੂ ਸਨ। ਪੌਲੁਸ ਨੇ ਉਨ੍ਹਾਂ ਨੂੰ ਸ਼ੈਤਾਨ ਦੇ ਹਵਾਲੇ ਕਰ ਦਿੱਤਾ ਸੀ। ਉਨ੍ਹਾਂ ਨਾਲ ਉਹਨੇ ਸੰਗਤੀ ਤੋੜ ਦਿੱਤੀ ਸੀ ''ਕਿ ਉਹ ਕੁਫ਼ਰ ਦੀਆਂ ਗੱਲਾਂ ਨਾ ਬਕਣ।'' 2 ਤਿਮੋਥਿਉਸ 2:17, 18 ਵਿਚ ਪੌਲੁਸ ਹੁਮਨਿਉਸ ਦਾ ਜ਼ਿਕਰ ਫ਼ਿਲੇਤੁਸ ਦੇ ਸਬੰਧ ਵਿਚ ਇਹ ਸਿੱਖਿਆ ਦਿੰਦਿਆਂ ਕੀਤਾ ਗਿਆ ਹੈ ਕਿ ਜੀ ਉੱਠਣਾ ਤਾਂ ਪਹਿਲਾਂ ਹੀ ਹੋ ਚੁੱਕਿਆ ਹੈ।

**ਆਦਮ ਅਤੇ ਹੱਵਾਹ**

*''ਕਿਉਂ ਜੋ ਆਦਮ ਪਹਿਲਾਂ ਰਚਿਆ ਗਿਆ ਸੀ ਫਿਰ ਹੱਵਾਹ'' (2:13)।*

ਆਦਮ ਨੂੰ ਹੱਵਾਹ ਤੋਂ ਪਹਿਲਾਂ ਬਣਾਇਆ ਗਿਆ ਸੀ, ਇਸ ਲਈ ਉਸ ਦੀ ਲੀਡਰਸ਼ਿਪ ਨੂੰ ਪਹਿਲ ਦਿੱਤੀ ਗਈ ਅਤੇ ਹੱਵਾਹ ਨੇ ਉਸਦੇ ਅਧੀਨ ਰਹਿਣਾ ਸੀ। ਆਮ ਤੌਰ ਤੇ ਔਰਤ ਉੱਤੇ ਆਦਮੀ ਦੀ ਲੀਡਰਸ਼ਿਪ ਅਤੇ ਸੁਰੱਖਿਆ ਵਿਚ ਰਹਿਣ ਦੀ ਚਾਹ ਕੀਤੀ ਜਾਂਦੀ ਹੈ।

**ਪੁੰਤਿਯੁਸ ਅਤੇ ਪਿਲਾਤੁਸ**

*ਮੈਂ ਪਰਮੇਸ਼ੁਰ ਨੂੰ ਜਿਹੜਾ ਸਾਰੀਆਂ ਵਸਤਾਂ ਨੂੰ ਜੀਉਂਦਿਆਂ ਰੱਖਦਾ ਹੈ ਅਤੇ ਮਸੀਹ ਯਿਸੂ ਨੂੰ ਜਿਹ ਨੇ ਪੁੰਤਿਯੁਸ ਪਿਲਾਤੁਸ ਦੇ ਸਾਹਮਣੇ ਪੱਕਾ ਇਕਰਾਰ ਕੀਤਾ ਸੀ ਗਵਾਹ ਕਰਕੇ ਤੈਨੂੰ ਤਗੀਦ ਕਰਦਾ ਹਾਂ (6:13)।*

ਤਿਬਰਯੁਸ ਦੀ ਹਕੂਮਤ ਵਿਚ ਇਹ ਫ਼ਲਸਤੀਨ ਦਾ ਹਾਕਮ ਸੀ। ਉਸ ਨੇ ਯਿਸੂ ਦੀ ਖ਼ੁਦਾਈ ਅਤੇ ਰਾਜਾ ਹੋਣਾ ਮੰਨਿਆ ਪਰ ਸਰਕਾਰਾਂ ਦਾ ਵਿਰੋਧ ਕਰਨ ਤੋਂ ਇਨਕਾਰ ਕਰਦੇ ਸੁਣਿਆ ਸੀ (ਯੂਹੰਨਾ 18:35-37)। ਪੌਲੁਸ ਨੇ ਯਿਸੂ ਦੇ ਇਸ ਇਕਰਾਰ ਨੂੰ ਉਸ ਦੇ ਪੈਰੋਕਾਰਾਂ ਨੂੰ ਸੌਂਪਦਿਆਂ ਇਸ ਨੂੰ ''ਚੰਗਾ ਇਕਰਾਰ'' ਕਿਹਾ।

## 1 ਤਿਮੋਥਿਉਸ ਵਿਚ ਥਾਂਵਾਂ

*''ਜਿਵੇਂ ਮੈਂ ਮਕਦੂਨੀਯਾ ਜਾਂਦਿਆਂ ਤੈਨੂੰ ਤਗੀਦ ਕੀਤੀ ਸੀ ਭਈ ਤੂੰ ਅਫ਼ਸੁਸ ਵਿਚ ਰਹੀਂ, ਤਿਵੇਂ ਹੁਣ ਵੀ ਕਰਦਾ ਹਾਂ ਭਈ ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰ੍ਹਾਂ ਦੀ ਸਿੱਖਿਆ ਨਾ ਦੇਣ'' (1:3)।*

**ਅਫ਼ਸੁਸ**

ਅਫ਼ਸੁਸ ਉਹ ਸ਼ਹਿਰ ਹੈ ਜਿੱਥੇ ਤਿਮੋਥਿਉਸ ਨੂੰ ਪੌਲੁਸ ਦੇ ਦੋ ਪੱਤਰ ਮਿਲੇ ਸਨ। *ਇਸ ਸ਼ਹਿਰ ਦਾ ਵਪਾਰਿਕ ਮਹੱਤਵ ਬਹੁਤ ਸੀ।* ਸਮੁੰਦਰ ਤੋਂ ਕੁਝ ਮੀਲ ਦੂਰ ਹੋਣ ਦੇ ਬਾਵਜੂਦ ਇਹ ਸ਼ਹਿਰ ਪੁਰਾਣੇ ਜ਼ਮਾਨੇ ਦੀ ਇਕ ਵੱਡੀ ਬੰਦਰਗਾਹ ਸੀ। ਇਹ ਉਸ ਜਗਾ ਸੀ ਜਿੱਥੇ ਕੈਸਰ ਦਰਿਆ ਏਸ਼ੀਅਨ ਸਮੁੰਦਰ ਵਿਚ ਪੈਂਦਾ ਹੈ। ਸਮੁੰਦਰ ਵੱਲ ਜਾਣ ਵਾਲਾ ਟਰੈਫ਼ਿਕ ਕੈਸਟਰ ਨਦੀ ਦੇ ਰਸਤੇ ਸ਼ਹਿਰ ਵਿਚ ਪਹੁੰਚਦਾ ਸੀ।

ਅਫ਼ਸੁਸ ਵਿਚ ਤਿੰਨ ਵੱਡੇ ਹਾਈਵੇ ਸਨ (1) ਫ਼ਰਾਤ ਘਾਟੀ ਤੋਂ ਕੁਲੁੱਸੇ ਅਤੇ ਲਾਉਦੀਕੀਆ ਵਿਚ ਦੀ ਜਾਣ ਵਾਲੀ ਸੜਕ, (2) ਸਰਦੀਸ ਦੇ ਰਸਤੇ ਗਲਾਤੀਆ ਤੋਂ ਆਉਣ ਵਾਲੀ ਸੜਕ, (3) ਦੱਖਣ ਵਿਚ ਮਿਅੰਡਰ ਘਾਟੀ ਵਾਲੀ ਸੜਕ।

*ਅਫ਼ਸੁਸ ਦੀ ਸਿਆਸੀ ਅਹਿਮੀਅਤ ਵੀ ਬਹੁਤ ਸੀ।* ਇਹ ਇਕ ਰੋਮੀ ''ਅਜ਼ਾਦ ਸ਼ਹਿਰ'' ਸੀ, ਜਿਸ ਦਾ ਅਰਥ ਇਹ ਹੈ ਕਿ ਇੱਥੇ ਫ਼ੌਜ਼ ਦੀ ਕੋਈ ਟੁਕੜੀ ਨਹੀਂ ਰੱਖੀ ਜਾਂਦੀ ਸੀ, ਅਤੇ ਸ਼ਹਿਰ ਦੀ ਹਕੂਮਤ ਮੁੱਖ ਤੌਰ ਤੇ ਆਪਣੇ ਹੱਥ ਵਿਚ ਸੀ। ਇਸ ਸ਼ਹਿਰ ਨੂੰ ਐਨਾ ਮਾਣ ਦਿੱਤਾ ਜਾਂਦਾ ਸੀ ਕਿ ਇਸ ਨੂੰ ''ਏਸ਼ੀਆ ਦਾ ਸਰਵੋਤਮ ਮਹਾਨਗਰ'' ਆਖਿਆ ਜਾਂਦਾ ਸੀ। ਅਫ਼ਸੁਸ ਦੇ ਆਪਣੇ ਜੱਜ ਸਨ, ਜਿਨ੍ਹਾਂ ਨੂੰ *strategoi* ਕਿਹਾ ਜਾਂਦਾ ਸੀ ਅਤੇ ਆਪਣੀ ਚੁਣੀ ਹੋਈ ਨਗਰ ਪਰੀਸ਼ਦ ਸੀ, ਜਿਸ ਨੂੰ *Boule* ਕਿਹਾ ਜਾਂਦਾ ਸੀ। ਸ਼ਹਿਰ ਦੇ ਲੋਕਾਂ ਦੀ ਸਭਾ ਨੂੰ *ਏਕਲੇਸੀਆ*

ਕਿਹਾ ਜਾਂਦਾ ਸੀ, ਜਿਸ ਦਾ ਅਨੁਵਾਦ ਸੰਜੋਗ ਨਾਲ ਨਵੇਂ ਨੇਮ ਵਿਚ ''ਕਲੀਸੀਆ'' ਹੋਇਆ। ਰਸੂਲਾਂ ਦੇ ਕੰਮ 19 ਅਧਿਆਇ ਦੀ ਆਖ਼ਰੀ ਆਇਤ ਵਿਚ ਜਿੱਥੇ ਸ਼ਹਿਰ ਦੇ ਖ਼ਜ਼ਾਨਚੀ ਨੇ ਇਸ ਜਮਾਤ ਨੂੰ ਤਿਤਰ ਬਿਤਰ ਕਰ ਦਿੱਤਾ ਸੀ ਉੱਥੇ ਇਸ ਦਾ ਅਨੁਵਾਦ ''ਸਮਾਂ'' ਹੋਇਆ।

ਅਫ਼ਸੁਸ ਨੂੰ ''ਨਿਆਂ ਦਾ ਸ਼ਹਿਰ'' ਵੀ ਕਿਹਾ ਜਾਂਦਾ ਸੀ, ਜਿੱਥੇ ਅਹਿਮ ਕਾਨੂੰਨੀ ਮਾਮਲੇ ਰਾਜਪਾਲ ਸਾਹਮਣੇ ਲਿਆਏ ਜਾਂਦੇ ਸਨ। ਇਸ ਦੇ ਇਲਾਵਾ ਹਰ ਸਾਲ ਮਈ ਮਹੀਨੇ ਵਿਚ *ਪੈਂਨ–ਆਓਨਿਅਨ* ਖੇਡਾਂ ਵੀ ਕਰਵਾਈਆਂ ਜਾਂਦੀਆਂ ਸਨ। ਸੂਬਾਈ (ਰਾਜ ਦੇ) ਅਧਿਕਾਰੀ ਜਿਨ੍ਹਾਂ ਨੂੰ ''ਏਸੀਆਰਕ'' ਕਿਹਾ ਜਾਂਦਾ ਸੀ, ਇਨ੍ਹਾਂ ਖੇਡਾਂ ਦਾ ਇੰਤਜ਼ਾਮ ਅਤੇ ਇਨ੍ਹਾਂ ਦਾ ਖਰਚ ਚੁੱਕਦੇ ਸਨ।

ਬਹੁਤ ਸਾਰੇ ਲੋਕਾਂ ਨੂੰ ਪਤਾ ਹੈ ਕਿ ਅਫ਼ਸੁਸ ਦਾ ਧਾਰਮਿਕ ਮਹੱਤਵ ਬਹੁਤ ਵੱਧ ਸੀ। ਪੁਰਾਣੇ ਜ਼ਮਾਨੇ ਤੋਂ ਉੱਥੇ ਇਕ ਮੰਦਰ ਹੁੰਦਾ ਸੀ। ਸ਼ਹਿਰ ਵਿਚ ਪਹਿਲਾ ਮੰਦਰ ਬਣਾਉਣ ਵਾਲੇ ਦਾ ਤਾਂ ਪਤਾ ਨਹੀਂ। ਦੂਜਾ ਵੱਡਾ ਮੰਦਰ ਲੁਦੀਆ ਨਾਮਕ ਇਲਾਕੇ ਦੇ ਬਹੁਤ ਅਮੀਰ ਰਾਜੇ ਕ੍ਰੋਸਸ ਦੀ ਮਦਦ ਨਾਲ ਏਸ਼ੀਆ ਦੇ ਸ਼ਹਿਰਾਂ ਨੇ ਬਣਾਇਆ ਸੀ। ਲਗਭਗ 356 ਈ.ਪੂ. ਵਿਚ ਸਿਕੰਦਰ ਮਹਾਨ ਦੇ ਜਨਮ ਵਾਲੀ ਰਾਤ ਵਿਚ ਇਹ ਦੂਜਾ ਮੰਦਰ ਸੜ ਗਿਆ ਸੀ। ਬਾਈਬਲ ਤੋਂ ਸਾਨੂੰ ਤੀਜੇ ਮੰਦਰ ਦਾ ਪਤਾ ਲਗਦਾ ਹੈ। ਇਹ ਯੂਨਾਨੀਆਂ ਦੀ ਦੇਵੀ ਅਰਤਮਿਸ ਨੂੰ ਸਮਰਪਤ ਸੀ ਜਿਸ ਨੂੰ ਰੋਮੀ ਲੋਕ ਡਾਇਨਾ ਕਰਕੇ ਜਾਣਦੇ ਸਨ। ਦੁਨਿਆਵੀ ਇਤਿਹਾਸ ਵਿਚ ਇਸ ਮੰਦਰ ਨੂੰ ਪ੍ਰਾਚੀਨ ਜਗਤ ਦੇ ਸੱਤ ਅਜੂਬਿਆਂ ਵਿੱਚੋਂ ਇਕ ਮੰਨਿਆਂ ਜਾਂਦਾ ਹੈ।

ਅਰਤਮਿਸ ਦਾ ਇਹ ਮੰਦਰ ਅੱਜ ਵੀ ਉਨ੍ਹਾਂ ਲੋਕਾਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੋਵੇਗਾ, ਜਿਹੜੇ ਵੱਡੀਆਂ ਵੱਡੀਆਂ ਇਮਾਰਤਾਂ ਪਸੰਦ ਕਰਦੇ ਹਨ। ਇਹ ਮੰਦਰ ਰਾਜੇ ਵੱਲੋਂ ਤੋਹਫ਼ੇ ਵਿਚ ਦਿੱਤੇ ਗਏ 127 ਖੰਭਿਆਂ ਤੇ ਟਿਕਿਆ ਸੀ। ਉਨ੍ਹਾਂ ਵਿੱਚੋਂ 36 ਤੇ ਚਿੱਤਰਕਾਰੀ ਜਾਂ ਕੀਮਤੀ ਧਾਤੂ ਅਤੇ ਪੱਥਰਾਂ ਨਾਲ ਨਕਾਸ਼ੀ ਕੀਤੀ ਗਈ ਸੀ। ਪੂਰੀ ਇਮਾਰਤ 425 ਫੁੱਟ ਲੰਮੀ 220 ਫੁੱਟ ਚੌੜੀ ਅਤੇ 60 ਫੁੱਟ ਉੱਚੀ ਸੀ! ਇਸ ਦੀ ਛੱਤ ਦੇਵਦਾਰ ਦੀ ਅਤੇ ਦਰਵਾਜ਼ੇ ਕਿਪਰਸ ਦੀ ਲੱਕੜੀ ਨਾਲ ਬਣੇ ਸਨ। ਇਹ ਲੱਕੜਾਂ ਕੀਮਤੀ ਅਤੇ ਟਿਕਾਊ ਹੋਣ ਕਰਕੇ ਪ੍ਰਸਿੱਧ ਹਨ।

ਸ਼ਾਨਦਾਰ ਮੰਦਰ ਦੇ ਅੰਦਰ, ਇਕ ਬਹੁਤ ਵੱਡੀ ਮੂਰਤੀ ਸੀ ਜਿਸ ਨੂੰ ਮੂਰਤੀ ਦੀ ਪੂਜਾ ਕਰਨ ਵਾਲੇ ਲੋਕ ਅਰਤਮਿਸ ਦੀ ਮੂਰਤੀ ਮੰਨਦੇ ਸਨ। ਇਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਮੂਰਤੀ ਅਸਮਾਨ ਤੋਂ ਡਿੱਗੀ ਸੀ ਅਤੇ ਕਾਲੀ ਸੀ, ਇਸ ਕਰਕੇ ਇਹ ਟੁੱਟਿਆ ਹੋਇਆ ਤਾਰਾ ਹੋਵੇਗੀ। ਇਹ ਚੌਂਕੜੀ ਮਾਰ ਕੇ ਬੈਠੀ ਇਕ ਮੂਰਤੀ ਸੀ ਜੋ ਗੋਲ ਅਕਾਰ ਦੀਆਂ ਮੂਰਤੀਆਂ ਨਾਲ (ਟੁੱਟੇ ਤਾਰਿਆਂ ਵਿਚ ਬੁਲਬੁਲੇ?) ਨਾਲ ਢੱਕੀ ਹੋਈ ਸੀ। ਅਰਤਿਮਾਸ ਔਲਾਦ ਦੀ ਦੇਵੀ ਸੀ, ਇਸ ਕਰਕੇ ਲੋਕਾਂ ਦਾ ਮੰਨਣਾ ਸੀ ਕਿ ਇਹ ਬੁਲਬੁਲੇ ਬਹੁਤ ਸਾਰੀਆਂ ਛਾਤੀਆਂ ਹਨ। ਕਿਹਾ ਜਾਂਦਾ ਹੈ ਕਿ ਇਸ ਮੂਰਤੀ ਦੇ ਇਕ ਹੱਥ ਵਿਚ ਬੁਰਜ ਅਤੇ ਦੂਜੇ ਹੱਥ ਵਿਚ ਤਰਸ਼ੂਲ ਸੀ, ਅਤੇ ਇਹਦਾ ਹੇਠਲਾ ਹਿੱਸਾ ਅਨੋਖੇ ਅਤੇ ਭੇਤ ਭਰੇ ਨਿਸ਼ਾਨਾਂ ਨਾਲ ਨਕਾਸ਼ਿਆ ਗਿਆ ਸੀ।

ਅਫ਼ਸੁਸ ਦੇ ਲੋਕਾਂ ਦੀ ਜ਼ਿੰਦਗੀ ਦੇ ਅਰਤਮਿਸ ਦੇ ਮੰਦਰ ਦੀ ਅਹਿਮੀਅਤ ਤੇ ਲੋੜ ਤੋਂ ਵੱਧ ਜ਼ੋਰ ਦੇਣਾ ਔਖਾ ਹੋਵੇਗਾ। ਮੰਦਰ ਪੂਜਾ ਦੀ ਥਾਂ ਜਾਂ ਆਸਰੇ ਦੀ ਥਾਂ ਸੀ (ਭਾਵ ਮੰਦਰ ਵਿਚ ਭੱਜ ਕੇ ਆਉਣ ਵਾਲੇ ਮੁਜਰਮਾਂ ਨੂੰ ਐਵੇਂ ਗਿਰਫ਼ਤਾਰ ਨਹੀਂ ਕੀਤਾ ਜਾ ਸਕਦਾ ਸੀ)। ਇਸ ਦੇ ਇਲਾਵਾ ਇਹਨੂੰ ਕੀਮਤੀ ਚੀਜ਼ਾਂ ਨੂੰ ਸੁਰੱਖਿਅਤ ਰੱਖਣ ਦੀ ਥਾਂ ਦੇ ਤੌਰ ਤੇ ਵੀ ਵਰਤਿਆ ਜਾਂਦਾ ਸੀ, ਆਧੁਨਿਕ ਬੈਂਕਾਂ ਨਾਲੋਂ ਵੀ ਵਧ ਕੇ। ਆਖ਼ਿਰ ਜੇ ਦੇਵਤਾ ਕਿਸੇ ਦੀ ਜਾਇਦਾਦ ਦੀ ਰਾਖੀ ਨਹੀਂ ਕਰ ਸਕਦੇ ਤਾਂ ਫਿਰ ਹੋਰ ਕੌਣ ਕਰ ਸਕਦਾ ਸੀ? ਅਫ਼ਸੁਸ ਦੇ ਮਾਮਲੇ ਵਿਚ, ਮੰਦਰ

ਇਕ ਵੱਡੀ ਮੰਡੀ ਦੇ ਤੌਰ ਤੇ ਮਸ਼ਹੂਰ ਸੀ। ਕਿਸਮਤ ਸੁਆਰਨ ਦੀ ਉਮੀਦ ਨਾਲ, ਲੋਕ ਅਰਤਿਮੁਸ ਦੀ ਮੂਰਤੀ ਦੀ ਬੁਨਿਆਦ ਦੀ ਨਕਾਸ਼ੀ ਦੇ ਮਸ਼ਹੂਰ ''ਅਫ਼ਸੁਸ ਦੇ ਅੱਖਰਾਂ'' ਦੀਆਂ ਨਕਲਾਂ ਖ਼ਰੀਦਦੇ ਸਨ।

ਅਫ਼ਸੁਸ ਦੁਨੀਆਂ ਵਿਚ ਸਭ ਤੋਂ ਵੱਧ ਅੰਧਵਿਸ਼ਵਾਸੀ ਸ਼ਹਿਰਾਂ ਵਿੱਚੋਂ ਇਕ ਸੀ। ਜਾਦੂ ਟੂਣੇ ਇੱਥੋਂ ਦੀ ਹਰ ਗੱਲ ਵਿਚ ਪਾਏ ਜਾਂਦੇ ਸਨ, ਜਿਸ ਕਰਕੇ ਇੱਥੋਂ ਦੇ ਬਹੁਤੇ ਲੋਕ ਟੂਣੇ ਆਦਿ ਦਾ ਕੰਮ ਕਰਦੇ ਸਨ (ਰਸੂਲਾਂ ਦੇ ਕੰਮ 19:18-20)।

*ਅਫ਼ਸੁਸ ਦੇ ਲੋਕਾਂ ਦੇ ਸੁਭਾਅ ਨਾਲ ਯਕੀਨਨ ਹੀ ਤਿਮੋਥਿਉਸ ਦਾ ਕੰਮ ਪ੍ਰਭਾਵਿਤ ਹੋਣਾ ਸੀ।* ਪੂਰੇ ਏਸ਼ੀਆ ਵਿਚ ਉਨ੍ਹਾਂ ਨੂੰ ਚੰਚਲ, ਅਨੈਤਿਕ ਅਤੇ ਅੰਧਵਿਸ਼ਵਾਸੀ ਮੰਨਿਆ ਜਾਂਦਾ ਸੀ। ''ਰੋਂਦੂ ਦਾਰਸ਼ਨਿਕ ਹੈਰਾਕ਼ਲਿਟੁਸ ਜੋ ਇਸੇ ਸ਼ਹਿਰ ਦਾ ਰਹਿਣ ਵਾਲਾ ਸੀ, ਨੇ ਕਿਹਾ ਸੀ ਕਿ ਅਫ਼ਸੁਸ ਦੀ ਬੁਰਾਈ ਕਰਕੇ ਉਹ ਕਦੇ ਮੁਸਕੁਰਾਇਆ ਨਹੀਂ। ਉਸ ਦਾ ਕਹਿਣਾ ਸੀ ਕਿ ਮੰਦਰ ਦੀਆਂ ਕਬਰਾਂ ਜਾਨਵਰਾਂ ਤੋਂ ਵੀ ਘੱਟ ਸਨ ਅਤੇ ਅਫ਼ਸੁਸ ਦੇ ਲੋਕ ਡੁੱਬਣ ਦੇ ਯੋਗ ਹੀ ਸਨ।

*ਅਫ਼ਸੁਸ ਦੀ ਕਲੀਸੀਆ 53 ਜਾਂ 54 ਈਸਵੀ ਦੇ ਲਗਭਗ ਕੁਰਿੰਥੁਸ ਤੋਂ ਫ਼ਲਸਤੀਨ ਜਾਂਦਿਆਂ ਪੌਲੁਸ ਅਕੂਵਲਾ ਅਤੇ ਪ੍ਰਸਕਿੱਲਾ ਦੇ ਅਫ਼ਸੁਸ ਵਿਚ ਰੁਕਣ ਦੌਰਾਨ ਸ਼ੁਰੂ ਹੋਈ ਸੀ।* ਪੌਲੁਸ ਨੇ ਉੱਥੇ ਯਹੂਦੀਆਂ ਦੇ ਪ੍ਰਾਰਥਨਾਂ ਘਰਾਂ ਵਿਚ ਬਹਿਸ ਕੀਤੀ ਸੀ (ਰਸੂਲਾਂ ਦੇ ਕੰਮ 18:18-21)। ਬਾਅਦ ਵਿਚ ਉੱਥੇ ਕਲੀਸੀਆ ਵਿਚ ਯਹੂਦੀਆਂ ਨਾਲੋਂ ਯੂਨਾਨੀਆਂ ਦੀ ਗਿਣਤੀ ਵੱਧ ਹੋ ਗਈ ਸੀ।

ਤਕਰੀਬਨ ਪੰਜ ਸਾਲ ਬਾਅਦ ਜਦ ਪੌਲੁਸ ਨੂੰ ਵਾਪਸ ਆਉਂਦਿਆਂ ਬਾਰਾਂ ਚੇਲੇ ਮਿਲੇ ਜਿਨ੍ਹਾਂ ਨੇ ਗ਼ਲਤ ਢੰਗ ਨਾਲ ਬਪਤਿਸਮਾ ਲਿਆ ਸੀ, ਤਾਂ ਉਸ ਨੇ ਉਨ੍ਹਾਂ ਨੂੰ ਸਮਝਾਇਆ ਕਿ ਉਨ੍ਹਾਂ ਦੇ ਬਪਤਿਸਮੇ ਵਿਚ ਕੀ ਘਾਟ ਸੀ ਅਤੇ ਉਨ੍ਹਾਂ ਨੂੰ ਫੇਰ ਡੁਬਕੀ ਦਾ ਬਪਤਿਸਮਾ ਦਿੱਤਾ (ਰਸੂਲਾਂ ਦੇ ਕੰਮ 19:1-5)। ਇਸ ਮਿਸ਼ਨਰੀ ਸਫ਼ਰ (ਤੀਜੇ ਸਫ਼ਰ) ਵਿਚ ਪੌਲੁਸ ਨੇ ਤਿੰਨ ਮਹੀਨੇ ਤਕ ਯਹੂਦੀਆਂ ਦੇ ਸਿਨਾਗੋਗ ਵਿਚ ਪ੍ਰਚਾਰ ਕੀਤਾ। ਜਦ ਵਿਰੋਧ ਬਹੁਤ ਵਧ ਗਿਆ ਤਾਂ ਉਸ ਨੇ ਤੁਰੰਨੁਸ ਦੀ ਪਾਠਸ਼ਾਲਾ (ਸਕੂਲ) ਵਿਚ ਦੋ ਸਾਲ ਤਕ ਵਚਨ ਸੁਣਾਇਆ (ਰਸੂਲਾਂ ਦੇ ਕੰਮ 19:9, 10)।

ਪੌਲੁਸ ਵੱਲੋਂ ਅਫ਼ਸੁਸ ਵਿਚ ਕੰਮ ਕਰਨ ਨੂੰ ਅਹਿਮੀਅਤ ਦਿੱਤੇ ਜਾਣ ਦੇਣ ਦਾ ਪਤਾ ਉਸ ਵੱਲੋਂ ਉੱਥੇ ਗੁਜ਼ਾਰੇ ਵਕਤ ਨਾਲ ਲਗਦਾ ਹੈ। ਇਸ ਦੇ ਇਲਾਵਾ ਉਸ ਨੇ ਅਫ਼ਸੁਸ ਤੋਂ ਕੁਰਿੰਥੀਆਂ ਦੇ ਨਾਂਅ ਚਿੱਠੀ ਲਿਖੀ: ''... ਇਕ ਵੱਡਾ ਅਤੇ ਕੰਮ ਕੱਢਣ ਵਾਲਾ ਦਰਵਾਜ਼ਾ ਮੇਰੇ ਲਈ ਖੁੱਲ੍ਹਿਆ ਹੈ'' (1 ਕੁਰਿੰਥੀਆਂ 16:9)। ਉਸ ਸ਼ਹਿਰ ਵਿਚ ਇੰਜੀਲ ਦੇ ਅਸਰ ਦਾ ਸੰਕੇਤ ਇਸ ਤੱਥ ਤੋਂ ਮਿਲਦਾ ਹੈ ਕਿ ਅਫ਼ਸੁਸ ਵਿਚ ਵਿਸ਼ਵਾਸ ਕਰਨ ਵਾਲਿਆਂ ਨੇ ਇੱਕੋ ਵਾਰ ਚਾਂਦੀ ਦੇ ਪੰਜਾਹ ਹਜ਼ਾਰ ਟੁਕੜੇ (ਸਵਾ ਕੁ ਤਿੰਨ ਲੱਖ ਰੁਪਏ) ਦੀ ਕੀਮਤ ਦੀਆਂ ਜਾਦੂ ਦੀਆਂ ਕਿਤਾਬਾਂ ਸਾੜ ਦਿੱਤੀਆਂ (ਰਸੂਲਾਂ ਦੇ ਕੰਮ 19:18-20)।

ਲਗਭਗ 58 ਈਸਵੀ ਦੇ ਨੇੜੇ ਜਦ ਪੌਲੁਸ ਆਖ਼ਰੀ ਵਾਰ ਯਰੂਸ਼ਲਮ ਗਿਆ ਤਾਂ ਉਸ ਨੇ ਅਫ਼ਸੁਸ ਦੀ ਕਲੀਸੀਆ ਦੇ ਐਲਡਰਾਂ ਨੂੰ ਭਵਿੱਖ ਦੀਆਂ ਘਟਨਾਵਾਂ ਤੋਂ ਚੌਕਸ ਕਰਨ ਅਤੇ ਉਨ੍ਹਾਂ ਨੂੰ ਅਲਵਿਦਾ ਕਹਿਣ ਲਈ ਮਿਲੇਤੁਸ ਵਿਚ ਆ ਕੇ ਉਸ ਨੂੰ ਮਿਲਣ ਲਈ ਆਖਿਆ। ਉਸ ਨੇ ਇੱਥੇ ਤਿੰਨ ਸਾਲ ਕੰਮ ਕੀਤਾ। ਇਨ੍ਹਾਂ ਆਗੂਆਂ ਦਾ ਉਹਦੇ ਲਈ ਖ਼ਾਸ ਮਹੱਤਵ ਹੈ। ਵਿਦਾ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਮਿਲ ਕੇ ਦੁਆ ਕੀਤੀ ਅਤੇ ਰੋਏ (ਰਸੂਲਾਂ ਦੇ ਕੰਮ 20:17-38)।

ਅਫ਼ਸੁਸ ਦੀ ਕਲੀਸੀਆ ਦੇ ਨਾਂਅ ਲਿਖੇ ਪਹਿਲੇ ਪੱਤਰ ਦੇ ਤੀਹ ਸਾਲ ਬਾਅਦ, ਉਨ੍ਹਾਂ ਦੇ ਨਾਂਅ ਇਕ ਹੋਰ ਚਿੱਠੀ ਲਿਖੀ ਗਈ ਜੋ ਯੂਹੰਨਾ ਦੀ ਪ੍ਰਕਾਸ਼ ਦੀ ਪੋਥੀ ਵਿਚ ਸ਼ਾਮਿਲ ਹੈ। ਇਸ ਚਿੱਠੀ ਵਿਚ ਦੱਸਿਆ ਗਿਆ ਕਿ ਅਫ਼ਸੁਸ ਦੀ ਕਲੀਸੀਆ ਵਿਚ ਕੀ ਸਹੀ ਹੈ ਅਤੇ ਇਹ ਵੀ ਜ਼ਾਹਿਰ ਕੀਤਾ ਗਿਆ ਹੈ ਕਿ ਇਸ ਕਲੀਸੀਆ ਦਾ ਜੋਸ਼ ਕੁਝ ਠੰਡਾ ਪੈ ਗਿਆ ਸੀ (ਪ੍ਰਕਾਸ਼ ਦੀ ਪੋਥੀ 2:1-7)।

**ਮਕਦੂਨੀਆ**

ਸੰਖੇਪ ਵਿਚ ਮਕਦੂਨੀਆ ਦਾ ਜ਼ਿਕਰ ਆਉਂਦਾ ਹੈ ਜਿਹੜਾ ਉਹ ਸੂਬਾਅ ਹੈ ਜਿੱਥੋਂ ਪੌਲੁਸ ਨੇ ਤੀਤੁਸ ਅਤੇ ਤਿਮੋਥਿਉਸ ਦੇ ਨਾਮ ਪਹਿਲੀ ਪੱਤਰੀ ਲਿਖੀ ਸੀ (1:3)।

## 1, 2 ਤਿਮੋਥਿਉਸ ਅਤੇ ਤੀਤੁਸ ਵਿਚ ਬਾਰ-ਬਾਰ ਆਈਆਂ ਧਾਰਨਾਵਾਂ

**ਕਿਰਪਾ**

ਕਿਰਪਾ ਖ਼ੁਦਾ ਵੱਲੋਂ ਨਰ ਅਤੇ ਨਾਰੀ ਦੋਹਾਂ ਤੇ ਆਪਣੇ ਪਿਆਰ ਕਰਕੇ ਵਿਖਾਈ ਜਾਣ ਵਾਲਾ ਉਹ ਤਰਸ ਹੈ ਜਿਸ ਦੇ ਨਾਂ ਤਾਂ ਉਹ ਹੱਕਦਾਰ ਹਨ, ਅਤੇ ਨਾ ਯੋਗ ਅਤੇ ਨਾ ਉਹ ਉਸ ਨੂੰ ਕਮਾ ਸਕਦੇ ਹਨ। ਜਿਸ ਨਾਲ ਉਹ ਬਚਾਏ ਜਾਣ। ਜਵਾਨ ਪ੍ਰਚਾਰਕਾਂ ਦੇ ਨਾਂਅ ਪੌਲੁਸ ਦੀਆਂ ਪੱਤਰੀਆਂ ਵਿਚ ਕਿਰਪਾ ਦਾ ਜ਼ਿਕਰ ਬਾਰ ਬਾਰ ਆਉਂਦਾ ਹੈ (1 ਤਿਮੋਥਿਉਸ 1:2; 1:14; 6:21; 2 ਤਿਮੋਥਿਉਸ 1:2; 1:9; 2:1; 4:22; ਤੀਤੁਸ 1:4; 2:11; 3:7, 15)। ਬਚਾਏ ਜਾਣਾ ਜਿਹੜਾ ਕਿਰਪਾ ਨਾਲ ਹੁੰਦਾ ਹੈ, ਪੌਲੁਸ ਦੇ ਮਨ ਵਿਚ ਐਨਾ ਅਹਿਮ ਸੀ ਕਿ ਉਸ ਨੇ ਆਪਣੀਆਂ ਦੂਜੀਆਂ ਸਭ ਪੱਤਰੀਆਂ ਤੋਂ ਇਨ੍ਹਾਂ ਪੱਤਰੀਆਂ ਵਿਚ ਖ਼ੁਦਾ ਅਤੇ ਮਸੀਹ ਨੂੰ ''ਮੁਕਤੀ ਦਾਤਾ'' ਕਿਹਾ (ਕੁੱਲ ਦਸ ਹਵਾਲੇ ਹਨ, ਜਿਨ੍ਹਾਂ ਵਿੱਚੋਂ ਛੇ ਤੀਤੁਸ ਦੇ ਨਾਂਅ ਪੱਤਰੀ ਦੇ 3 ਅਧਿਆਇਆਂ ਵਿਚ ਹੀ ਹਨ)।

**ਭਲੇ ਕੰਮ**

ਪੌਲੁਸ ਨੇ ਇਨ੍ਹਾਂ ਤਿੰਨਾਂ ਪੱਤਰੀਆਂ ਵਿਚ ਭਲੇ ਕੰਮਾਂ ਦੇ ਤੇਰਾਂ ਹਵਾਲੇ ਦਿੱਤੇ ਅਤੇ ਜਿਨ੍ਹਾਂ ਵਿੱਚੋਂ ਸੱਤ ਤਿਮੋਥਿਉਸ ਦੇ ਨਾਂਅ ਚਿੱਠੀਆਂ ਵਿਚ ਮਿਲਦੇ ਹਨ (1 ਤਿਮੋਥਿਉਸ 2:10; 5:10 *[ਦੋ ਵਾਰ]*; 5:25; 6:18; 2 ਤਿਮੋਥਿਉਸ 2:21; 3:17)। ਮਸੀਹੀ ਲੋਕ ਭਲੇ ਹੋਣ ਜਾਂ ਕਿਸੇ ਨੇਕ ਕੰਮ ਕਰਕੇ ਨਹੀਂ ਬਚਾਏ ਗਏ, ਫਿਰ ਵੀ ਉਨ੍ਹਾਂ ਨੂੰ ਭਲਾਈ ਦੀ ਤਲਾਸ਼ ਅਤੇ ਹਰ ਹਾਲ ਵਿਚ ਭਲੇ ਕੰਮਾਂ ਵਿਚ ਲੱਗੇ ਰਹਿਣ ਲਈ ਕਿਹਾ ਜਾਂਦਾ ਹੈ। ਪੌਲੁਸ ਨੇ ਹੋਰ ਸਬੰਧਾਂ ਵਿਚ ਅਕਸਰ ''ਭਲੇ'' ਸ਼ਬਦ ਦੀ ਵਰਤੋਂ ਕੀਤੀ ਹੈ, ਉਦਾਹਰਣ ਲਈ ''ਸਾਫ਼ ਅੰਤਾਹਕਰਣ'' (1 ਤਿਮੋਥਿਉਸ 1:5, 19; ਇਬਰਾਨੀਆਂ 13:18), ''ਅੱਛੀ ਲੜਾਈ'' (1 ਤਿਮੋਥਿਉਸ 1:18; 6:12; 2 ਤਿਮੋਥਿਉਸ 4:7), ''ਚੰਗਾ ਸੇਵਕ'' (1 ਤਿਮੋਥਿਉਸ 4:6) ਅਤੇ ''ਪੱਕਾ ਇਕਰਾਰ'' (1 ਤਿਮੋਥਿਉਸ 6:12, 13)।

**ਰਾਜਾ ਅਤੇ ਰਾਜ**

ਸ਼ਾਇਦ ਇਹ ਵੇਖ ਕੇ ਕਿ ਸ਼ਹਿਰੀਆਂ ਦੀ ਜ਼ਿੰਦਗੀ ਦੇ ਹਰ ਪਹਲੂ ਤੇ ਕੈਸਰ ਕਿਵੇਂ ਹੱਕ ਰੱਖਣ ਦਾ ਦਾਅਵਾ ਕਰਦਾ ਸੀ, ਪੌਲੁਸ ਨੇ ਬਾਰ ਬਾਰ ਅਤੇ ਜ਼ੋਰਦਾਰ ਢੰਗ ਨਾਲ ਯਿਸੂ ਦੇ ''ਰਾਜਾ'' ਅਤੇ ''ਰਾਜਿਆਂ ਦਾ ਰਾਜਾ'' ਹੋਣ ਦੀ ਗੱਲ ਕਹੀ (1 ਤਿਮੋਥਿਉਸ 1: 17; 6: 15) ਅਤੇ ਉਸ ਦੇ ''ਰਾਜ'' (2 ਤਿਮੋਥਿਉਸ 4: 1, 18) ਨੂੰ ਜ਼ਿੰਦਗੀ ਦਾ ਆਖ਼ਰੀ ਮਕਸਦ ਅਤੇ ਖ਼ੂਬੀ ਕਿਹਾ। ਉਸ ਨੇ ਕਦੇ ਕਿਸੇ ਅਧਿਕਾਰੀ ਤੇ ਹਮਲਾ ਨਹੀਂ ਕੀਤਾ (ਵੇਖੋ ਤੀਤੁਸ 3: 1); ਅਸਲ 'ਚ ਉਸ ਨੇ ਉਨ੍ਹਾਂ ਲਈ ਦੁਆ ਕਰਨ ਲਈ (1 ਤਿਮੋਥਿਉਸ 2: 1, 2) ਹੀ ਕਿਹਾ। ਦੂਜੇ ਪਾਸੇ ਉਸ ਨੇ ਦੁਨਿਆਵੀ ਅਤੇ ਰੂਹਾਨੀ ਨੂੰ ਵੱਖ ਰੱਖਿਆ ਤਾਂ ਜੋ ਮਸੀਹੀ ਲੋਕ ਸਮਝ ਜਾਣ ਕਿ ਉਨ੍ਹਾਂ ਅੰਦਰ ਅਤੇ ਉਨ੍ਹਾਂ ਤੇ ਹਕੂਮਤ ਕਰਨ ਵਾਲਾ ਸਿਰਫ਼ ਮਸੀਹ ਹੀ ਹੈ।

**ਜਵਾਨੀ**

ਪੌਲੁਸ ਚਾਹੁੰਦਾ ਸੀ ਕਿ ਇਹ ਜਵਾਨ ਜਿਨ੍ਹਾਂ ਨੂੰ ਉਸ ਨੇ ਤਿਆਰ ਕੀਤਾ ਸੀ ਕਿ ਸਮਝ ਜਾਣ ਕਿ ਉਨ੍ਹਾਂ ਦੀ ਜਵਾਨੀ ਕਰਕੇ ਉਨ੍ਹਾਂ ਦੇ ਕੰਮ ਨੂੰ ਕਿਵੇਂ ਵੇਖਿਆ ਜਾਵੇਗਾ। ਕੰਮ ਕਰਨ ਵਾਲੇ ਇਕ ਬਜ਼ੁਰਗ ਦੇ ਮੁਕਾਬਲੇ ਉਨ੍ਹਾਂ ਨੂੰ ਆਪਣੇ ਕੰਮ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਖ਼ਤਰਾ ਸੀ (1 ਤਿਮੋਥਿਉਸ 4: 12)। ਅਜਿਹੀ ਬੇਇੱਜ਼ਤੀ ਦਾ ਮੁਕਾਬਲਾ ਕਰਨਾ ਉਨ੍ਹਾਂ ਲਈ ਬੜਾ ਜੋਖ਼ਿਮ ਭਰਿਆ ਕੰਮ ਸੀ। ਪੌਲੁਸ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਕਿ ਉਨ੍ਹਾਂ ਦੀ ਜ਼ਿੰਦਗੀ ਅਤੇ ਗੱਲਾਂ ਇਹੋ ਜਿਹੀਆਂ ਹੋਣ ਕਿ ਉਨ੍ਹਾਂ ਦੇ ਸਭ ਤੋਂ ਵੱਡੇ ਅਲੋਚਕ ਵੀ ਉਨ੍ਹਾਂ ਦੇ ਚਾਲ ਚੱਲਣ ਕਰਕੇ ਉਨ੍ਹਾਂ ਦੀ ਇੱਜ਼ਤ ਕਰਨ (2 ਤਿਮੋਥਿਉਸ 4: 1-5; ਤੀਤੁਸ 2: 15)।

---

ਟਿੱਪਣੀਆਂ

[1]ਐਲਬਰਟ ਐਮ. ਵੈੱਲਸ, ਜੂਨੀ., *ਇੰਸਪਾਇੰਗ ਕੁਟੇਸ਼ੰਜ਼* (ਨੈਸ਼ਵਿੱਲੇ: ਥੌਮਸ ਨੈਲਸਨ ਪਬਲਿਸ਼ਰ, 1988), 222. [2]1 ਅਤੇ 2 ਤਿਮੋਥਿਉਸ ਅਤੇ ਤੀਤੁਸ ਦੀ ਪੱਤਰੀ ਨੂੰ ''ਪਾਸਬਾਨੀ ਦੇ ਖ਼ਤ'' ਦਾ ਠੱਪਾ ਲਾਉਣ ਦਾ ਢੰਗ ਮੰਦਭਾਗਾ ਹੈ। ਜਿੱਥੋਂ ਤਕ ਸਾਨੂੰ ਪਤਾ ਹੈ, ਨਾ ਤਾਂ ਤਿਮੋਥਿਉਸ ਨੇ ਅਤੇ ਨਾ ਹੀ ਤੀਤੁਸ ਨੇ ਕਦੇ ਪਾਸਬਾਨ ਜਾਂ ਪਾਸਟਰ (ਨਿਗਾਬਾਨ, ਜਾਂ ਐਲਡਰ) ਦੇ ਰੂਪ ਵਿਚ ਸੇਵਾ ਕੀਤੀ। ਇਨ੍ਹਾਂ ਸਫ਼ਿਆਂ ਵਿਚ ਬਹੁਤ ਸਾਰੇ ਪਾਸਬਾਨੀ ਦੇ ਨਿਯਮ ਤਾਂ ਹਨ, ਪਰ ਪੌਲ ਐਂਟਨ (1726) ਅਤੇ ਥੌਮਸ ਅਕਵਿਨਸ (1274) ਨੇ ਤਿਮੋਥਿਉਸ ਅਤੇ ਤੀਤੁਸ ਨੂੰ ''ਪਾਸਟਰ'' ਅਤੇ ''ਪਾਸਬਾਨੀ'' ਸ਼ਬਦਾਂ ਨਾਲ ਜੋੜ ਕੇ ਉਨ੍ਹਾਂ ਨੂੰ ਮਸ਼ਹੂਰ ਕਰਕੇ ਕੁਝ ਸੰਗਠਨਾਤਮਕ ਉਲਝਣ ਪੈਦਾ ਕਰ ਦਿੱਤੀ ਸੀ। ਪੌਲੁਸ ਨੇ ਇਹ ਪੱਤਰੀਆਂ ਤਿਮੋਥਿਉਸ ਅਤੇ ਤੀਤੁਸ ਦੇ ਨਾਂਅ ਲਿਖੀਆਂ ਸਨ, ਜੋ *ਇਵੈਂਜਲਿਸਟ* ( ਭਾਵ ) ਇੰਜੀਲ ਦਾ ਪ੍ਰਚਾਰ ਕਰਨ ਵਾਲੇ ਸਨ (1 ਤਿਮੋਥਿਉਸ 1:2; 2 ਤਿਮੋਥਿਉਸ 4: 5)। ਨਵੇਂ ਨੇਮ ਦੀ ਪੂਰੀ ਸਿੱਖਿਆ ਨਿਗਾਹਬਾਨਾਂ ( ਐਲਡਰਾਂ ) (ਵੇਖੋ ਰਸੂਲਾਂ ਦੇ ਕੰਮ 20: 17, 28; 1 ਪਤਰਸ 5: 1-3; ਤੀਤੁਸ 1: 5-7) ਨਾਲ ਪਾਸਟਰ ਜਾਂ ਚਰਵਾਹੇ (ਯੂ.: *poiman*) ਨੂੰ ਜੋੜਦੀ ਹੈ। ਅਸਲ 'ਚ ਇਵੈਂਜਲਿਸਟ ਜਾਂ ਪ੍ਰਚਾਰਕ ਦਾ ਨਾਂਅ ਪਾਸਟਰ ਜਾਂ ਪਾਸਬਾਨ (ਅਫ਼ਸੀਆਂ 4: 11) ਤੋਂ ਵੱਖ ਕਰਕੇ ਖ਼ਾਸ ਤੌਰ ਤੇ ਦਿੱਤਾ ਗਿਆ ਹੈ। ਇਸ ਲਈ ਇਨ੍ਹਾਂ ਪੱਤਰੀਆਂ ਨੂੰ, ''ਪਾਸਬਾਨ'' ਸ਼ਬਦ ਨਾਲ ਜੋੜਨ ਦਾ ਇੱਕੋ ਕਾਰਣ ਇਹੀ ਹੋਵੇਗਾ ਕਿ ਨਿਗਾਹਬਾਨਾਂ ਜਾਂ ਐਲਡਰਾਂ ਦੀਆਂ ਯੋਗਤਾਵਾਂ ਨਾਲ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਮੈਂਬਰਾਂ ਨੂੰ ਆਪਣੇ ਕੰਮ ਨਾਲ ਕਿਵੇਂ ਜੋੜਨ (1 ਤਿਮੋਥਿਉਸ 3: 1-12; 5: 17-22; ਤੀਤੁਸ 5: 1-11)। ਫਿਰ ਤਾਂ ਇਹ ਬਿਲਕੁਲ ਹੀ ਨਿਰਾਲੇ ਢੰਗ ਨਾਲ ਇਵੈਂਜਲਿਸਟਾਂ ਲਈ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਪੱਤਰੀ ਹੈ। [3]ਵਿਲੀਅਮ ਹੈਂਡਰਿਕਸਨ, *ਏ ਕਮੈਂਟਰੀ ਆਨ 1 ਐਂਡ 2 ਤਿਮੋਥੀ ਐਂਡ ਟਾਈਟਸ* (ਲੰਦਨ: ਦ ਬੈਨਰ ਆਫ਼ ਟਰੁੱਥ ਪ੍ਰੈਸ, 1964), 33-34.[4]ਮੈਰਿਲ ਸੀ ਟੈਨੀ,

*ਨਿਊ ਟੈਸਟਾਮੈਂਟ ਸਰਵੇ* (ਲੰਦਨ: ਇੰਟਰ-ਵਰਸਟੀ ਫ਼ੈਲੋਸ਼ਿਪ, 1961), 332-33. [5]ਥਿਓਡੋਰ ਜੌਨ, *ਇੰਟਰੋਡਕਸ਼ਨ ਟੂ ਦ ਨਿਊ ਟੈਸਟਾਮੈਂਟ* (ਐਡਿਨਬਰਗ: ਸਕਾਟਲੈਂਡ, ਟੀ. ਐਂਡ ਟੀ. ਕਲਾਰਕ, 1909), 2:10. [6]95 ਈਸਵੀ ਦੇ ਕਰੀਬ ਕਲੇਮੈਂਟ ਆਫ਼ ਰੋਮ ਨੇ ਕੁਰਿੰਥੀਆਂ ਦੇ ਨਾਂਅ ਇਕ ਪੱਤਰੀ ਲਿਖੀ ਜਿਸ ਵਿਚ ਉਸ ਨੇ ਭਾਗ ਪੰਜ ਵਿਚ ਲਿਖਿਆ, ''ਆਓ ਆਪਣੇ ਸਾਹਮਣੇ ਉਨ੍ਹਾਂ ਵਧੀਆ ਨਮੂਨੀਆਂ ਨੂੰ ਰੱਖੀਏ ਜੋ ਸਾਡੀ ਪੀੜ੍ਹੀ ਨਾਲ ਸਬੰਧ ਰੱਖਦੇ ਹਨ। ਈਰਖਾ ਅਤੇ ਹਸਦ ਕਰਕੇ ... ਕਲੀਸੀਆ ਦੇ ਬੇਹੱਦ ਧਰਮੀ ਥੰਭਿਆਂ ਨੂੰ ਸਤਾਇਆ ਗਿਆ ਸੀ ... ਪੌਲੁਸ ਨੇ ਆਪਣਾ ਨਮੂਨਾ ਦੇ ਕੇ ਧੀਰਜ ਨਾਲ ਸਹਿਣ ਦੇ ਇਨਾਮ ਵੱਲ ਇਸ਼ਾਰਾ ਕੀਤਾ। ਉਹਦੇ ਬਾਅਦ ਉਹ ਸੱਤ ਵਾਰ ਜੇਲ੍ਹ ਗਿਆ। ਪੂਰਵ ਅਤੇ ਪੱਛਮ ਵਿਚ ਪ੍ਰਚਾਰ ਕਰਦਾ ਰਿਹਾ, ... ਜਿਸ ਵਿਚ ਉਹ ਪੂਰੀ ਦੁਨੀਆਂ ਵਿਚ ਧਾਰਮਿਕਤਾ ਦੀ ਸਿੱਖਿਆ ਦਿੰਦੀਆਂ ਪੱਛਮ ਦੇ ਦੂਰ ਦੁਰਾਡੇ ਤਕ ਪਹੁੰਚ ਗਿਆ'' (ਜੇ. ਬੀ. ਲਾਈਟਫੁੱਟ, *ਅਪੋਸਟਲਿਕ ਫ਼ਾਦਰ* [ਲੰਦਨ: ਮੈਕਮਿਲਨ ਐਂਡ ਕੰ., 1891; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1967], 15)। ਵਧੇਰੇ ਜਾਣਕਾਰੀ ਹੈਂਡਰਿਕਸਨ, 27 ਵਿਚ ਮਿਰੁਟੇਰਿਉਨ ਕੈਨਨ, ਯੂਸਬਿਉਸ, ਕ੍ਰਿਸੋਸਟੋਮ, ਜੇਰੋਮ ਵਿਚ; ਅਤੇ ਵਿਲੀਅਮ ਬਾਰਕਲੇ, *ਦ ਲੈਟਰਜ਼ ਟੂ ਤਿਮੋਥੀ, ਟਾਈਟਸ ਐਂਡ ਫ਼ਿਲੇਮੋਨ,* ਦ ਡੇਲੀ ਸਟੱਡੀ ਬਾਈਬਲ ਸੀਰੀਜ਼, (ਫਿਲਾਡੈਲਫ਼ੀਆ, ਵੈਸਟਮਿਸਿੰਟਰ ਪ੍ਰੈੱਸ, 1960), 14. [7]ਨਵੇਂ ਨੇਮ ਵਿਚ ਤਿਮੋਥਿਉਸ ਦਾ ਜ਼ਿਕਰ ਉੱਨੀ ਵਾਰ ਹੋਰ ਮਿਲਦਾ ਹੈ। [8]ਕਈ ਲੋਕਾਂ ਨੇ ਪੌਲੁਸ ਉੱਤੇ ਬੇਮੇਲ ਹੋਣ ਦਾ ਇਲਜ਼ਾਮ ਲਾਇਆ ਕਿਉਂਕਿ ਉਸ ਨੇ ਤੀਤੁਸ ਦੀ ਸੁੰਨਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਦ ਕਿ ਤਿਮੋਥਿਉਸ ਦੇ ਮਾਮਲੇ ਵਿਚ ਉਸ ਨੇ ਇਹ ਰਸਮ ਪੂਰੀ ਕੀਤੀ। ਤੀਤੁਸ ਇਕ ਯੂਨਾਨੀ ਸੀ। ਅਬਰਾਹਾਮ ਨਾਲ ਸੁੰਨਤ ਦਾ ਨੇਮ ਕਿਸੇ ਯੂਨਾਨੀ ਦੀ ਯਹੂਦੀ ਸੁੰਨਤ ਲਈ ਨਹੀਂ ਹੋ ਸਕਦਾ ਸੀ। ਕਿਉਂਕਿ ਖ਼ੁਦਾ ਨੇ ਇਹ ਨੇਮ ਇਬਰਾਨੀਆਂ ਨਾਲ ਅਤੇ ਇਬਰਾਨੀਆਂ ਲਈ ਬੰਨ੍ਹਿਆਂ ਸੀ। ਮਸੀਹੀ ਇੰਜੀਲ ਵਿਚ ਕਿਸੇ ਦੀ ਸੁੰਨਤ ਦੀ ਲੋੜ ਨਹੀਂ ਸੀ। ਇਸ ਲਈ ਅਜਿਹੀ ਰਸਮ ਲਈ ਤੀਤੁਸ ਨੂੰ ਕਹਿਣ ਦਾ ਕੋਈ ਅਧਾਰ ਨਹੀਂ ਸੀ। ਸ਼ਰ੍ਹਾ ਥੋਪਣ ਵਾਲਿਆਂ ਦੇ ਖ਼ਿਲਾਫ਼ ਇਹ ਇਕ ਵੱਡਾ ਸਬੂਤ ਬਣ ਗਿਆ। ਇਹ ਦੱਸਣਾ ਕਿ ਪੌਲੁਸ ਨੇ ਤਿਮੋਥਿਉਸ ਦੀ ਸੁੰਨਤ ਕੀਤੀ ਸੀ, ਇਸ ਵਾਕ ਦੇ ਖ਼ਿਲਾਫ਼ ਕੋਈ ਤਰਕ ਨਹੀਂ ਹੈ। ਸੁੰਨਤ ਦੇ ਧਾਰਮਿਕ ਅਤੇ ਕੌਮੀ ਦੋਵੇਂ ਮਹੱਤਵ ਸਨ। ਤੀਤੁਸ ਲਈ ਤਾਂ ਇਨ੍ਹਾਂ ਵਿੱਚੋਂ ਕਿਸੇ ਦਾ ਵੀ ਕੋਈ ਮਹੱਤਵ ਨਹੀਂ ਹੋ ਸਕਦਾ ਸੀ, ਪਰ ਤਿਮੋਥਿਉਸ ਲਈ ਇਸ ਦਾ ਕੌਮੀ ਮਹੱਤਵ ਹੋ ਸਕਦਾ ਸੀ। ਇਸ ਰੌਸ਼ਨੀ ਵਿਚ ਵੇਖਣ ਨਾਲ ਪੌਲੁਸ ਦੇ ਪਰੇਸ਼ਾਨ ਕਰਨ ਵਾਲੇ ਕੰਮ ਬਿਲਕੁਲ ਮੇਲ ਖਾਂਦੇ ਸਨ।